# ਪੰਛੀ ਕਿਤੇ ਨਹੀਂ ਜਾਣਗੇ

(ਕਾਵਿ-ਸੰਗ੍ਰਹਿ)

ਇਸੇ ਕਲਮ ਤੋਂ ਹੋਰ ਪੁਸਤਕਾਂ:

ਪੰਜਾਬੀ :

| | |
|---|---|
| ਔਰਤ ਤੇ ਬੱਚੇ ਦੀ ਸਿਹਤ ਸੰਭਾਲ | (ਵਾਰਤਕ, 2000) |
| ਆਓ! ਸਿਹਤ ਸਮੱਸਿਆਵਾਂ ਪ੍ਰਤੀ ਜਾਣੀਏ | (ਵਾਰਤਕ, 2005) |
| ਵਕਤ ਦੀ ਹੂਕ | (ਗ਼ਜ਼ਲ, 2008) |

ਹਿੰਦੀ :

| | |
|---|---|
| ਸਾਹਿਰਾ ਕੇ ਫੂਲ | (ਗ਼ਜ਼ਲ, 2020) |
| ਜ਼ਿੰਦਗੀ ਕੀ ਤਲਾਸ਼ | (ਲਘੂ ਕਥਾਏਂ, 2022) |

ਸਰਬਜੀਤ ਸਿੰਘ ਸੰਧੂ ਵੱਲੋਂ ਸੰਪਾਦਿਤ ਹੋਰ ਪੁਸਤਕਾਂ :

| | |
|---|---|
| ਅਪਣੇ ਸੰਗ ਸੰਵਾਦ (ਗ਼ਜ਼ਲ-ਸੰਗ੍ਰਹਿ) | ਅਮਰਜੀਤ ਢਿੱਲੋਂ |
| ਵੰਗਾਂ ਕੱਚ ਦੀਆਂ (ਕਾਵਿ-ਸੰਗ੍ਰਹਿ) | ਜਗਤਾਰ ਗਿੱਲ |
| ਪਾ ਚਾਨਣ ਦੀ ਬਾਤ (ਦੋਹਾ-ਸੰਗ੍ਰਹਿ) | ਜਗਤਾਰ ਗਿੱਲ |
| ਦੁੱਖ ਡਾਰੋਂ ਵਿਛੜੀ ਕੂੰਜ ਦਾ (ਕਹਾਣੀ-ਸੰਗ੍ਰਹਿ) | ਕਾਬਲ ਸਿੰਘ ਸੰਧੂ |
| ਸਜਦਾ (ਗ਼ਜ਼ਲ-ਸੰਗ੍ਰਹਿ) | ਕਲਿਆਣ ਅੰਮ੍ਰਿਤਸਰੀ |
| ਕੂੰਜਾਂ ਵਿਛੜਨ ਵਾਲ਼ੀਆਂ ਨੇ (ਕਾਵਿ-ਸੰਗ੍ਰਹਿ) | ਸਗ਼ੀਰ ਤਬੱਸੁਮ |
| ਚੁੱਪ ਦੇ ਬਹਾਨੇ (ਕਾਵਿ-ਸੰਗ੍ਰਹਿ) | ਮਲਵਿੰਦਰ |
| ਜਦੋਂ ਕਵਿਤਾ ਗੁਆਚ ਜਾਏਗੀ (ਕਾਵਿ-ਸੰਗ੍ਰਹਿ) | ਜੈਪਾਲ (ਅਨੁ : ਜਗਤਾਰ ਗਿੱਲ) |
| ਥੱਕੇ-ਹਾਰੇ ਸ਼ਹਿਰ ਦੀ ਨੀਂਦ (ਕਾਵਿ-ਸੰਗ੍ਰਹਿ) | ਹਰਜੀਤ ਸਿੰਘ ਸੰਧੂ |
| ਸੰਭਾਵਨਾ (ਬੀਬਾ ਬਲਵੰਤ ਵਿਸ਼ੇਸ਼ ਅੰਕ, ਅਕਤੂਬਰ 2015-ਸਤੰਬਰ 2016) | |

# ਪੰਛੀ ਕਿਤੇ ਨਹੀਂ ਜਾਣਗੇ
(ਕਾਵਿ-ਸੰਗ੍ਰਹਿ)

ਡਾ. ਮੋਹਨ ਬੇਗੋਵਾਲ

ਸੰਪਾਦਕ :
ਸਰਬਜੀਤ ਸਿੰਘ ਸੰਧੂ

Café World
ਕੈਫ਼ੇ ਵਰਲਡ
ਮੰਡੀ ਕਲਾਂ, ਜਲੰਧਰ, ਬਠਿੰਡਾ

**ਪੰਛੀ ਕਿਤੇ ਨਹੀਂ ਜਾਣਗੇ** (ਕਾਵਿ-ਸੰਗ੍ਰਹਿ)
ਡਾ. ਮੋਹਨ ਬੇਗੋਵਾਲ

**Panchhi Kitey Nahin Jaangey**
(Collection of Punjabi Poetry)
Dr. Mohan Begowal
Chetna Niwas
67, Guru Nanak Avenue, Phase-2
Majitha Road, Amritsar-143001
Mo. 094637-28153
E-mail : drmohanlal2014@gmail.com

© ਲੇਖਕ
ISBN : 978-93-49245-08-2

ਸੰਪਾਦਨ, ਕੰਪੋਜ਼ਿੰਗ ਤੇ ਸਰਵਰਕ :
ਸਰਬਜੀਤ ਸਿੰਘ ਸੰਧੂ

ਪਹਿਲੀ ਵਾਰ : 2026
ਪੰਨੇ : 156
ਮੁੱਲ : 280 ਰੁਪਏ

ਪ੍ਰਕਾਸ਼ਕ : Café World (ਕਿਤਾਬਾਂ ਵਾਲਾ ਕੈਫ਼ੇ)
ਮੰਡੀ ਕਲਾਂ, ਜਲੰਧਰ, ਬਠਿੰਡਾ
ਮੋ. 99140-22845, 94630-22845
E-mail : cafebeti786@gmail.com

ਛਾਪਕ : ਪ੍ਰਿੰਟਵੈੱਲ, ਅੰਮ੍ਰਿਤਸਰ

All right reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Writer.

ਲੋਕ-ਚੇਤਨਾ ਦੇ ਕਾਫ਼ਿਲੇ ਦੇ ਨਾਂ

ਜਿਸ ਵਿਚ ਮੇਰੇ ਆਪਣਿਆਂ ਦੇ ਸਕਾਰਾਤਮਕ ਵਲਵਲੇ
ਵੀ ਸ਼ਾਮਲ ਹਨ।

# ਅੰਦਰਵਾਰ


| | |
|---|---|
| ਮਨੁੱਖੀ ਗੌਰਵ, ਪ੍ਰਤਿਰੋਧ ਅਤੇ ਸਮਾਜਿਕ ਚੇਤਨਾ ਦੀ ਕਵਿਤਾ | 09 |
| ਮੇਰੀ ਕਵਿਤਾ ਦਾ ਸਫ਼ਰ | 22 |
| 01. ਖ਼ਲਾਅ ਦੇ ਅੰਦਰੋਂ | 25 |
| 02. ਦੌੜਦੀ ਚੁੱਪ | 26 |
| 03. ਚੁੱਪ ਦਾ ਭਰਮ | 27 |
| 04. ਖ਼ਬਰ | 28 |
| 05. ਦਿਲ ਕਰਦਾ ਹੈ | 29 |
| 06. ਡਰ ਇਕ ਪਰਛਾਵਾਂ | 31 |
| 07. ਕੌਣ ਕਹਿੰਦਾ | 32 |
| 08. ਕਿਸਨੂੰ ਪੁੱਛਾਂ ਇਹ ਸਵਾਲ | 33 |
| 09. ਕੋਸ਼ਿਸ਼ਾਂ ਦਾ ਖੰਡਰ | 34 |
| 10. ਵਕਤ ਦਾ ਸੱਚ ਸਮਝੀਏ | 36 |
| 11. ਸੱਚ ਤੋਂ ਦਿੱਖ ਤਕ ਦਾ ਸਫ਼ਰ | 37 |
| 12. ਫ਼ਰਕ ਪੈਂਦਾ ਹੈ | 39 |
| 13. ਮਸਲਾ ਤਾਂ ਬਸ ਇਕੋ ਹੀ ਹੈ | 40 |
| 14. ਦਸਾਂ ਮਿੰਟਾਂ ਵਿਚ | 41 |
| 15. ਸੋਚ ਦੀ ਅੱਖ ਦਾ ਮੋਤੀਆ | 43 |
| 16. ਪਾਰਕ ਤੋਂ ਬਾਹਰ ਦਾ ਸ਼ਹਿਰ | 45 |
| 17. ਗ਼ੁਲਾਮੀ ਦਾ ਰੰਗ | 46 |
| 18. ਨਫ਼ਰਤ ਦਾ ਸਾਇਆ | 48 |
| 19. ਕੁਰਸੀਆਂ ਤੇ ਕੁਰਸੀਆਂ ਬਣਾਉਣ ਵਾਲ਼ੇ | 50 |
| 20. ਮਾਹੌਲ ਦੀ ਤਪ ਰਹੀ ਭੱਠੀ | 51 |
| 21. ਸੱਚ-ਝੂਠ ਤੋਂ ਪਾਰ | 53 |
| 22. ਖ਼ੁਦ ਨੂੰ ਮਿਲ਼ ਪਿਆ ਹਾਂ | 54 |
| 23. ਸਾਂਝੇ ਸੱਚ ਦੀ ਤਲਾਸ਼ | 55 |
| 24. ਹਕੀਕਤ ਦਾ ਸਫ਼ਰ | 56 |
| 25. ਹਾਰਿਆ ਜਾਂ ਜਿੱਤਿਆ | 57 |
| 26. ਉਲਝਣ ਤੋਂ ਅਹਿਸਾਸ ਦੀ ਯਾਤਰਾ | 58 |
| 27. ਨਿੱਜ ਤੋਂ ਸਮੂਹਿਕ ਆਜ਼ਾਦੀ | 60 |
| 28. ਸਾਹਾਂ ਦੀ ਪੂੰਜੀ | 62 |

| | |
|---|---|
| 29. ਚਾਨਣ ਦੇ ਸਾਏ | 64 |
| 30. ਮੇਰਾ ਵਜੂਦ ਮੇਰੀ ਪਛਾਣ | 65 |
| 31. ਮੇਰੀ ਹਸਤੀ | 66 |
| 32. ਮੈਂ ਹੀ ਹਾਂ ਉਹ | 67 |
| 33. ਮੈਂ ਉਹ ਨਹੀਂ | 68 |
| 34. ਭੀੜ ਤੋਂ ਪਰ੍ਹੇ | 70 |
| 35. ਵਕਤ ਦੀ ਧੁੰਦ ’ਚ ਗੁਆਚੀ ਪਛਾਣ | 71 |
| 36. ਵਜੂਦ ਦਾ ਸਮਤੋਲ | 72 |
| 37. ਮੁਖੌਟਿਆਂ ਦੀ ਨੁਮਾਇਸ਼ | 75 |
| 38. ਮੈਂ ਸਵਾਲ ਹਾਂ | 77 |
| 39. ਰਿਸ਼ਤਿਆਂ ਦਾ ਗਣਿਤ | 79 |
| 40. ਮੈਂ ਰਾਹ ਸਿਰਜਦੀ ਹਾਂ | 81 |
| 41. ਪਰਛਾਵੇਂ ਤੋਂ ਪਰਵਾਜ਼ ਤਕ | 83 |
| 42. ਧੀਆਂ ਲਈ ਰਾਹ | 85 |
| 43. ਚੁੱਲ੍ਹੇ ਦਾ ਸੇਕ | 86 |
| 44. ਚਿੱਟ-ਕੱਪੜੀਏ ਮਜ਼ਦੂਰ ਨੂੰ | 90 |
| 45. ਅੜੀ, ਜ਼ਿੱਦ ਤੇ ਹੱਠ | 92 |
| 46. ਪਿਤਾ ਜੀ ਦੀ ਬੋਲੀ ਤੇ ਚੁੱਪ | 94 |
| 47. ਪਿਉ ਦੀਆਂ ਪੈੜਾਂ ’ਚ ਪੈਰ | 96 |
| 48. ਉਹਦੇ ਅੱਖਰਾਂ ਦੀ ਦਾਤ | 98 |
| 49 ਬੱਚੇ ਦੀ ਝਾਕਣੀ ’ਚ | 100 |
| 50. ਨਵੇਂ ਪਰਵਾਸੀਆਂ ਦਾ ਨਵਾਂ ਸਾਲ | 102 |
| 51. ਨਵਾਂ ਸਾਲ ਮੁਬਾਰਕ | 104 |
| 52. ਬੰਦਾ ਹਾਰਦਾ ਨਹੀਂ | 106 |
| 53. ਆਵਾਜ਼ ਫੈਲਦੀ ਹੈ | 108 |
| 54. ਲਾਵਾਰਿਸ ਹੋਣ ਦਾ ਅਹਿਸਾਸ | 110 |
| 55. ਇਹ ਵੀ ਬੀਤ ਜਾਣੀ ਹੈ | 112 |
| 56. ਮੌਰਚਰੀ ’ਚ ਬਾਪ ਦੀ ਲਾਸ਼ | 114 |
| 57. ਪਤਾ ਤਾਂ ਕਰੀਏ | 116 |
| 58. ਲਾਸ਼ ਸੋਚਦੀ ਹੈ | 118 |

59. ਭਵਿੱਖ ਦਾ ਇਤਿਹਾਸ 121
60. ਜ਼ਿੰਦਾ ਰਹਿਣ ਦੀ ਉਮੀਦ 122
61. ਟਿਮਟਿਮਾਉਂਦਾ ਟਟਹਿਣਾ 124
62. ਖ਼ਾਮੋਸ਼ ਕੈਨਵਸ 126
63. ਭਟਕਣ ਤੋਂ ਵਾਪਸੀ 128
64. ਰੋਜ਼ ਸਵੇਰੇ 130
65. ਮੌਤ 132
66. ਜ਼ਿੰਦਗੀ ਹੋਰ ਕੀ ਹੈ 133
67. ਮਨੁੱਖ ਦੀ ਔਕਾਤ 135
68. ਅਨੁਭਵਾਂ ਦੇ ਫੁੱਲਾਂ ਦੀ ਖ਼ੁਸ਼ਬੂ 136
69. ਸਦੀਵੀ ਯਾਤਰਾ 137
70. ਮੁਕਤੀ ਦੀ ਸੰਭਾਵਨਾ 138
71. ਸ਼ਾਇਦ ਇੰਜ ਹੋ ਜਾਵੇ 140
72. ਕਲਮ ਦੀ ਨੋਕ ’ਤੇ 142
73. ਮੇਰਾ ਚਿੰਤਨ ਮੇਰਾ ਅਨੁਭਵ 144
74. ਬੁੱਤ ’ਤੇ ਲਿਖੀ ਇਬਾਰਤ 145
75. ਸ਼ਬਦਾਂ ਦਾ ਸਫ਼ਰ 146
76. ਕਵੀ ਦਾ ਕਾਵਿ-ਸੰਸਾਰ 148
77. ਹੋਰ ਮੈਂ ਕੀ ਕਹਾਂ 149
78. ਸਿਲਸਿਲਾ 151
79. ਜਸ਼ਨ ਮਨਾਉਂਦੀ ਜ਼ਿੰਦਗੀ 152
80. ਪੰਛੀ ਕਿਤੇ ਨਹੀਂ ਜਾਣਗੇ 155


- 0 - 0 - 0 -

# ਮਨੁੱਖੀ ਗੌਰਵ, ਪ੍ਰਤਿਰੋਧ ਅਤੇ ਸਮਾਜਿਕ ਚੇਤਨਾ ਦੀ ਕਵਿਤਾ 'ਪੰਛੀ ਕਿਤੇ ਨਹੀਂ ਜਾਣਗੇ'

ਸਮਕਾਲੀ ਕਵਿਤਾ ਵਿਚ ਜੋ ਕਾਵਿ-ਸੁਰ ਆਪਣੇ ਸਮੇਂ ਦੀਆਂ ਵਿਡੰਬਨਾਵਾਂ, ਮਨੁੱਖੀ ਦਰਦ, ਸਮਾਜਿਕ ਟੁੱਟ-ਭੱਜ, ਪਰਵਾਸ, ਜੰਗ, ਵਾਤਾਵਰਨੀ ਸੰਕਟ, ਇਕਾਂਤ ਅਤੇ ਆਸ ਦੀਆਂ ਬਾਰੀਕ ਧੜਕਣਾਂ ਨੂੰ ਇਕੋ ਸਮੇਂ ਆਪਣੇ ਕਲੇਵਰ ਵਿਚ ਸਮੋ ਸਕਣ ਉਹੀ ਵਿਸ਼ੇਸ਼ ਧਿਆਨ ਖਿੱਚਦੇ ਹਨ। ਜਦੋਂ ਅਜਿਹੀ ਕੋਈ ਕਾਵਿ-ਕਿਰਤ ਮਨੁੱਖੀ ਹੋਂਦ ਦੇ ਬਾਹਰੀ ਸੰਘਰਸ਼ ਅਤੇ ਅੰਦਰੂਨੀ ਨਿਵੇਕਲੇਪਣ ਦੇ ਜਟਿਲ ਸੰਬੰਧਾਂ ਨੂੰ ਸਮਝਣ ਦਾ ਯਤਨ ਕਰਦੀ ਹੈ, ਤਾਂ ਉਹ ਸਿਰਫ਼ ਇਕ ਪੁਸਤਕ ਨਹੀਂ ਰਹਿੰਦੀ, ਸਗੋਂ ਆਪਣੇ ਦੌਰ ਦੇ ਪ੍ਰਮਾਣਿਕ ਸਮਾਜਿਕ-ਸਭਿਆਚਾਰਕ ਅਤੇ ਦਾਰਸ਼ਨਿਕ ਦਸਤਾਵੇਜ਼ਾਂ ਵਿਚ ਸ਼ਾਮਲ ਹੋ ਜਾਂਦੀ ਹੈ।

ਡਾ. ਮੋਹਨ ਦੀ ਸਾਹਿਤਕ ਸੰਵੇਦਨਾ ਵਿਚੋਂ ਉਪਜਿਆ ਕਾਵਿ-ਸੰਗ੍ਰਹਿ 'ਪੰਛੀ ਕਿਤੇ ਨਹੀਂ ਜਾਣਗੇ', ਇਸੇ ਮਿਆਰ ਦੀ ਪ੍ਰਤਿਨਿਧ ਰਚਨਾ ਹੈ। ਇਸ ਵਿਚਲੀਆਂ ਕਵਿਤਾਵਾਂ ਮਨੁੱਖੀ ਅਸਤਿਤਵ ਦੇ ਵਿਸ਼ਾਲ ਪਰਿਪੇਖ ਵਿਚ ਵਾਪਰ ਰਹੇ ਅਨੇਕਾਂ ਵਰਤਾਰਿਆਂ ਨੂੰ ਆਪਣੇ ਅੰਦਰ ਸਮੇਟਦੀਆਂ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਕਵੀ ਦਾ ਨਿੱਜੀ ਅਨੁਭਵ ਵੱਡੇ ਸਮਾਜਿਕ ਅਤੇ ਇਤਿਹਾਸਿਕ ਅਰਥ ਵਿਚ ਤਬਦੀਲ ਹੋ ਜਾਂਦਾ ਹੈ। ਇਹਨਾਂ ਕਵਿਤਾਵਾਂ ਵਿਚ ਮਨੁੱਖ ਦੀ ਨਿੱਜੀ ਯਾਤਰਾ ਅਸਲ ਵਿਚ ਪੂਰੇ ਮਨੁੱਖੀ ਸਮਾਜ ਦੀ ਯਾਤਰਾ ਬਣ ਰਹੀ ਪ੍ਰਤੀਤ ਹੁੰਦੀ ਹੈ। ਇਹ ਪੁਸਤਕ ਮਨੁੱਖੀ ਅਨੁਭਵ ਦੇ ਉਨ੍ਹਾਂ ਪਾਸਾਰਾਂ ਦੀ ਨਿਸ਼ਾਨਦੇਹੀ ਕਰਦੀ ਹੈ ਜਿੱਥੇ ਸਮਾਜਿਕ ਚੇਤਨਾ, ਹੱਕਾਂ ਲਈ ਸੰਘਰਸ਼, ਅਤੇ ਜ਼ਿੰਦਗੀ ਦਾ ਦਾਰਸ਼ਨਿਕ ਠਹਿਰਾਉ ਆਪਸ ਵਿਚ ਸੰਵਾਦ ਰਚਾਉਂਦੇ ਹਨ। ਇਹ ਕਵਿਤਾਵਾਂ ਪੜ੍ਹਦਿਆਂ ਇਹ ਅਹਿਸਾਸ ਗੂੜ੍ਹਾ ਹੁੰਦਾ ਹੈ ਕਿ ਕਵੀ ਨਕਾਰਾਤਮਕਤਾ/ ਪਲਾਇਨਵਾਦ ਦੇ ਖ਼ਿਲਾਫ਼ ਉਮੀਦ ਦਾ ਇਕ ਨਵਾਂ ਬਿਰਤਾਂਤ ਸਿਰਜ ਰਿਹਾ ਹੈ। ਇਸ ਵਿਚ ਸਮਕਾਲੀ ਦੌਰ ਦੀ ਤੇਜ਼-ਰਫ਼ਤਾਰ ਜ਼ਿੰਦਗੀ, ਉਪਭੋਗਤਾਵਾਦ ਦਾ ਗ਼ਲਬਾ ਅਤੇ ਮਨੁੱਖ ਅੰਦਰਲੇ ਇਕੱਲੇਪਣ ਦਾ ਦਰਦ ਬਹੁਤ ਹੀ ਬਾਰੀਕਬੀਨੀ ਨਾਲ਼ ਉੱਭਰਿਆ ਹੈ।

ਇਹ ਸੰਗ੍ਰਹਿ ਮਨੁੱਖੀ ਹੋਂਦ, ਪਰਵਾਸ, ਵਿਸਥਾਪਨ, ਜੰਗ, ਸਮਾਜਿਕ ਅਸਮਾਨਤਾ, ਵਾਤਾਵਰਨੀ ਸੰਕਟ, ਬੁਢਾਪਾ, ਮੌਤ, ਮਜ਼ਦੂਰ, ਜੀਵਨ ਅਤੇ ਕਵਿਤਾ ਦੀ ਸਮਾਜਿਕ ਭੂਮਿਕਾ ਵਰਗੇ ਵਿਸ਼ਿਆਂ ਨੂੰ ਗਹਿਰਾਈ ਨਾਲ਼ ਸੰਬੋਧਿਤ ਹੈ। ਕਵੀ ਆਪਣੇ ਸਮੇਂ ਦੀਆਂ ਤਲਖ਼ ਹਕੀਕਤਾਂ ਨਾਲ਼ ਸੰਵਾਦ ਕਰਦਾ ਹੋਇਆ ਮਨੁੱਖੀ ਮਰਿਆਦਾ ਅਤੇ ਉਮੀਦ ਦੇ ਪੱਖ ਵਿਚ ਖੜ੍ਹਾ ਦਿਸਦਾ ਹੈ।

ਕਾਵਿ-ਸੰਗ੍ਰਹਿ ਦਾ ਸਿਰਲੇਖ 'ਪੰਛੀ ਕਿਤੇ ਨਹੀਂ ਜਾਣਗੇ' ਸਮੁੱਚੀ ਪੁਸਤਕ ਦੇ ਕੇਂਦਰੀ ਫ਼ਲਸਫ਼ੇ ਨੂੰ ਇਕ ਸੂਤਰ ਵਿਚ ਪਰੋਣ ਦੀ ਸਮਰੱਥਾ ਰੱਖਦਾ ਹੈ। 'ਪੰਛੀ' ਪੰਜਾਬੀ ਕਾਵਿ-ਪਰੰਪਰਾ ਅਤੇ ਵਿਸ਼ਵ-ਸਾਹਿਤ ਵਿਚ ਆਜ਼ਾਦੀ, ਉਮੀਦ, ਰੂਹਾਨੀ ਉਡਾਣ ਅਤੇ ਕੁਦਰਤੀ ਸਹਿਜਤਾ ਦਾ ਪ੍ਰਤੀਕ ਰਿਹਾ ਹੈ। ਅਜੋਕੇ ਉਜਾੜੇ, ਹਿਜਰਤ ਅਤੇ ਪੂੰਜੀਵਾਦੀ ਜਬਰ ਦੇ ਦੌਰ ਵਿਚ, ਜਿੱਥੇ ਮਨੁੱਖ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਨਿਰੰਤਰ ਅਜਨਬੀਕਰਨ

ਦਾ ਸ਼ਿਕਾਰ ਹੋ ਰਿਹਾ ਹੈ, ਓਥੇ ਕਵੀ ਦਾ ਇਹ ਦਾਅਵਾ ਕਰਨਾ ਕਿ ਪੰਛੀ ਕਿਤੇ ਨਹੀਂ ਜਾਣਗੇ, ਨਿਰਾਸ਼ਾ ਦੇ ਖ਼ਿਲਾਫ਼ ਇਕ ਜੁਝਾਰੂ ਐਲਾਨਨਾਮਾ ਹੈ।

ਇਸ ਮੁੱਖ ਕਵਿਤਾ ਦੀਆਂ ਇਹ ਸਤਰਾਂ ਇਸ ਪ੍ਰਸੰਗ ਵਿਚ ਬੇਹੱਦ ਮਹੱਤਵਪੂਰਨ ਹਨ ਕਿ "ਮੀਂਹ-ਝੱਖੜ ਕਿੰਨੀ ਵੀ ਕਰ ਲੈਣ ਮਨਮਰਜ਼ੀ / ਢਾਹ ਦੇਣ ਜਿੰਨੀ ਵਾਰ ਮਰਜ਼ੀ ਆਲ੍ਹਣੇ।" ਇਨ੍ਹਾਂ ਵਿਚ ਕੁਦਰਤ ਦਾ ਕਹਿਰ ਵੀ ਹੈ, ਇਤਿਹਾਸ ਦੀ ਹਿੰਸਾ ਵੀ, ਜੰਗਾਂ ਦੀ ਤਬਾਹੀ ਵੀ, ਉਜਾੜਿਆਂ ਦੀ ਪੀੜ ਵੀ ਅਤੇ ਸਮੇਂ ਦੇ ਅਟੱਲ ਵਿਨਾਸ਼ ਦਾ ਬੋਧ ਵੀ। ਪਰ ਇਸਦਾ ਅਸਲ ਕੇਂਦਰ ਵਿਨਾਸ਼ ਨਹੀਂ, ਪੁਨਰ-ਸਿਰਜਣਾ ਹੈ। ਜਦ ਕਵਿਤਾ ਕਹਿੰਦੀ ਹੈ ਕਿ 'ਤਿਣਕਾ-ਤਿਣਕਾ ਜੋੜ ਕੇ / ਬਣਾਉਂਦੇ ਨੇ ਨਵੇਂ ਆਲ੍ਹਣੇ" ਤਾਂ ਇਹ ਸਿਰਫ਼ ਪੰਛੀਆਂ ਦੀ ਕਿਰਿਆ ਨਹੀਂ, ਸਗੋਂ ਮਨੁੱਖੀ ਸੰਘਰਸ਼ ਤੇ ਸਭਿਆਚਾਰ ਦਾ ਇਤਿਹਾਸ ਬਣ ਜਾਂਦੀ ਹੈ। ਇਹ ਉਹੀ ਵਿਚਾਰ ਹੈ ਜੋ ਸੰਗ੍ਰਹਿ ਦੀਆਂ ਕਈ ਹੋਰ ਕਵਿਤਾਵਾਂ ਵਿਚ ਪਰਵਾਸੀਆਂ, ਮਜ਼ਦੂਰਾਂ, ਬਜ਼ੁਰਗਾਂ, ਯਾਦਾਂ ਸਾਂਭੀ ਜੀਊਂਦੇ ਲੋਕਾਂ ਅਤੇ ਜੰਗਾਂ ਤੋਂ ਪ੍ਰਭਾਵਿਤ ਮਨੁੱਖਾਂ ਦੇ ਅਨੁਭਵਾਂ ਰਾਹੀਂ ਪ੍ਰਗਟ ਹੁੰਦਾ ਹੈ। ਟੁੱਟਣਾ ਅੰਤ ਨਹੀਂ; ਟੁੱਟਣ ਤੋਂ ਬਾਅਦ ਮੁੜ ਬਣਾਉਣਾ ਹੀ ਜੀਵਨ ਦੀ ਅਸਲ ਤਾਕਤ ਹੈ। ਡਾ. ਮੋਹਨ ਕੁਦਰਤ ਦੇ ਇਸੇ ਸਿਦਕ ਅਤੇ ਵਿਕਾਸਵਾਦੀ ਨਿਯਮ ਨੂੰ ਮਨੁੱਖੀ ਸੰਘਰਸ਼ ਦੇ ਹਾਣ ਦਾ ਬਣਾਉਂਦਾ ਹੋਇਆ ਲਿਖਦਾ ਹੈ :

ਉਹ ਜਾਣਦੇ ਨੇ
ਕਿ ਪੁਰਾਣਿਆਂ ਦੇ ਬਿਨਸਨ 'ਤੇ ਹੀ
ਉਗਮਦੇ ਨੇ ਨਵੇਂ
ਟੁੱਟਣ-ਬਣਨ ਵਿਚ ਹੀ ਹੈ ਵਿਕਾਸ
ਪੰਛੀਆਂ ਤੇ ਆਲ੍ਹਣਿਆਂ ਦਾ ਸੰਸਾਰ
ਹੈ ਸੀ ਤੇ ਰਹੇਗਾ ਹਮੇਸ਼

ਕੁਝ ਵੀ ਹੋਵੇ
ਏਥੇ ਹੀ ਰਹਿਣਗੇ ਜੁਝਾਰੂ
ਪੰਛੀ ਕਿਤੇ ਨਹੀਂ ਜਾਣਗੇ

ਇਹ ਪੰਕਤੀਆਂ ਸੰਘਰਸ਼ ਤੇ ਆਸ ਦੀ ਦਾਰਸ਼ਨਿਕ ਵਿਆਖਿਆ ਕਰਦੀਆਂ ਹਨ। ਜੀਵਨ ਦੀ ਨਿਰੰਤਰਤਾ ਅਤੇ ਮਨੁੱਖੀ ਹਿੰਮਤ ਦੇ ਅਮਰ ਹੋਣ ਦੀ ਗਵਾਹੀ ਭਰਦੀਆਂ ਹਨ। ਇਹ ਪੰਕਤੀਆਂ ਪੂਰੇ ਸੰਗ੍ਰਹਿ ਦਾ ਜੀਵਨ-ਦਰਸ਼ਨ ਹੈ, ਮਨੁੱਖੀ ਆਤਮਾ ਦੀ ਅਡੋਲਤਾ ਅਤੇ ਸੰਘਰਸ਼ਸ਼ੀਲਤਾ ਦਾ ਐਲਾਨ ਹੈ, ਮਨੁੱਖੀ ਸਿਦਕ, ਹਿੰਮਤ ਅਤੇ ਨਿਰੰਤਰ ਵਿਕਾਸ ਦਾ ਪ੍ਰਤੀਕ ਹੈ। ਤੂਫ਼ਾਨਾਂ ਦੇ ਬਾਵਜੂਦ ਪੰਛੀਆਂ ਦਾ ਮੁੜ ਆਲ੍ਹਣੇ ਪਾਉਣਾ, ਉਮੀਦਾਂ ਦੇ ਆਂਡੇ ਦੇਣਾ—ਸਾਬਤ ਕਰਦਾ ਹੈ ਕਿ ਜੀਵਨ ਹਮੇਸ਼ਾ ਜਿੱਤਦਾ ਹੈ। ਏਥੇ ਆਲ੍ਹਣਾ ਕੇਵਲ ਇਕ ਰਿਹਾਇਸ਼ ਨਹੀਂ, ਸਗੋਂ ਘਰ, ਧਰਤੀ, ਪਛਾਣ, ਸਭਿਆਚਾਰ ਅਤੇ ਭਵਿੱਖ ਦਾ ਰੂਪਕ ਬਣ ਜਾਂਦਾ ਹੈ ਅਤੇ ਪੰਛੀ ਕੇਵਲ ਕੁਦਰਤੀ ਜੀਵ ਨਹੀਂ, ਸਗੋਂ ਮਨੁੱਖੀ ਅਸਤਿਤਵ, ਸਮੂਹਿਕ ਜਿਊਣ ਦੀ ਚਾਹਨਾ, ਹੌਸਲੇ, ਪ੍ਰਤਿਰੋਧ, ਸੰਘਰਸ਼ਸ਼ੀਲ ਚੇਤਨਾ ਤੇ

ਸਭਿਆਚਰਕ ਯਾਦ, ਭਵਿੱਖ ਉੱਤੇ ਉਸਦੇ ਵਿਸ਼ਵਾਸ ਦੇ ਪ੍ਰਤੀਕ ਬਣ ਜਾਂਦੇ ਹਨ। ਇਹ ਕਵਿਤਾ ਨਿਰਾਸ਼ਾ ਦੇ ਮਾਹੌਲ ਵਿਚ ਵੀ ਉਮੀਦ ਦੀ ਸੰਭਾਵਨਾ ਨੂੰ ਜਿਊਂਦਾ ਰੱਖਦੀ ਹੈ।

ਇਸ ਕਵਿਤਾ ਅੰਦਰ ਹੀ ਕਾਵਿ-ਸੰਗ੍ਰਹਿ ਦਾ ਇਕ ਪ੍ਰਮੁੱਖ ਸੁਰ—ਪ੍ਰਤਿਰੋਧ ਦਾ ਸੁਰ—ਮੌਜੂਦ ਹੈ। ਇਹ ਪ੍ਰਤਿਰੋਧ ਕਿਸੇ ਨਾਅਰੇਬਾਜ਼ੀ, ਮੈਨੀਫ਼ੈਸਟੋ ਜਾਂ ਸਿੱਧਾ ਰਾਜਨੀਤਿਕ ਉਚਾਰਨ ਦੀ ਸ਼ਕਲ ਵਿਚ ਨਹੀਂ ਆਉਂਦਾ, ਸਗੋਂ ਮਨੁੱਖੀ ਮਰਿਆਦਾ ਦੀ ਰੱਖਿਆ ਲਈ ਲਗਾਤਾਰ ਜੂਝਦੇ ਰਹਿਣ ਦੀ ਚੇਤਨਾ ਵਜੋਂ ਸਾਹਮਣੇ ਆਉਂਦਾ ਹੈ; ਮਨੁੱਖੀ ਅਨੁਭਵ ਦੀ ਡੂੰਘੀ ਸਮਝ ਤੋਂ ਜਨਮ ਲੈਂਦਾ ਹੈ। ਇੰਞ ਇਹ ਕਵਿਤਾ ਸੰਘਰਸ਼ ਨੂੰ ਕਿਸੇ ਰੋਮਾਂਟਿਕ ਜਾਂ ਨਾਟਕੀ ਰੂਪ ਵਿਚ ਨਹੀਂ ਦਿਖਾਉਂਦੀ। ਪੰਛੀ ਡਰਦੇ ਵੀ ਹਨ, ਭਟਕਦੇ ਵੀ ਹਨ, ਉਡੀਕ ਵੀ ਕਰਦੇ ਹਨ ਅਤੇ ਪਰਤ ਵੀ ਆਉਂਦੇ ਹਨ। ਇਸ ਲਈ ਉਨ੍ਹਾਂ ਦਾ ਸੰਘਰਸ਼ ਹਕੀਕੀ ਹੈ। ਕਵੀ ਇਹ ਨਹੀਂ ਕਹਿੰਦਾ ਕਿ ਦੁੱਖ ਨਹੀਂ ਹੋਣਗੇ; ਉਹ ਕਹਿੰਦਾ ਹੈ ਕਿ ਦੁੱਖਾਂ ਦੇ ਬਾਵਜੂਦ ਜੀਵਨ ਆਪਣਾ ਰਸਤਾ ਬਣਾਏਗਾ। ਇਸੇ ਕਰਕੇ ਜਦੋਂ ਕਵੀ ਕਹਿੰਦਾ ਹੈ—"ਪੰਛੀ ਕਿਤੇ ਨਹੀਂ ਜਾਣਗੇ" ਤਾਂ ਇਹ ਕੇਵਲ ਆਸ਼ਾਵਾਦੀ ਵਾਕ ਨਹੀਂ ਰਹਿੰਦਾ; ਇਕ ਇਤਿਹਾਸਿਕ, ਸਮਾਜਿਕ ਅਤੇ ਨੈਤਿਕ ਐਲਾਨ ਬਣ ਜਾਂਦਾ ਹੈ—ਉਸ ਵਿਸ਼ਵਾਸ ਦਾ ਐਲਾਨ ਕਿ ਮਨੁੱਖਤਾ ਨੂੰ ਪੂਰੀ ਤਰ੍ਹਾਂ ਹਰਾਇਆ ਨਹੀਂ ਜਾ ਸਕਦਾ।

ਵਿਸਥਾਪਨ, ਇਕੱਲਤਾ, ਜੰਗ, ਮਹਾਮਾਰੀ, ਕੁਦਰਤ, ਯਾਦ, ਮੌਤ, ਚਿੰਤਨ ਅਤੇ ਮਨੁੱਖੀ ਸੰਕਟ ਦੇ ਜਿਹੜੇ ਵਿਸ਼ੇ ਵੱਖ-ਵੱਖ ਕਵਿਤਾਵਾਂ ਵਿਚ ਬਿਖਰੇ ਹੋਏ ਦਿਸਦੇ ਹਨ, ਕਵਿਤਾ 'ਪੰਛੀ ਕਿਤੇ ਨਹੀਂ ਜਾਣਗੇ' ਵਿਚ ਇਕ ਸਾਂਝੇ ਅਰਥ-ਤੰਤਰ ਵਿਚ ਜੁੜ ਜਾਂਦੇ ਹਨ। ਸੰਗ੍ਰਹਿ ਦੇ ਸਾਰੇ ਮੁੱਖ ਬਿੰਬ, ਮੁੱਖ ਵਿਚਾਰ ਅਤੇ ਸਾਰੀਆਂ ਮੁੱਖ ਚਿੰਤਾਵਾਂ ਇਸੇ ਇਕ ਕਵਿਤਾ ਵਿਚ ਆ ਕੇ ਸੰਘਣੀਆਂ ਹੋ ਜਾਂਦੀਆਂ ਹਨ। ਇਹ ਕਵਿਤਾ ਕਵੀ ਦੇ ਸਮੁੱਚੇ ਕਾਵਿ-ਦਰਸ਼ਨ ਦਾ ਸਭ ਤੋਂ ਸੰਖੇਪ ਅਤੇ ਸਭ ਤੋਂ ਪ੍ਰਭਾਵਸ਼ਾਲੀ ਬਿਆਨ ਹੈ।

ਕਵੀ ਮੋਹਨ ਦੀ ਸਮਾਜਿਕ ਚੇਤਨਾ ਤਿੱਖੀ ਅਤੇ ਸਮਝੌਤਾਹੀਣ ਹੈ। ਪੰਛੀਆਂ ਵਾਂਙ, ਉਹਦੀ ਕਵਿਤਾ ਦਾ ਮਨੁੱਖ ਵੀ ਹਾਲਾਤ ਅੱਗੇ ਪੂਰੀ ਤਰ੍ਹਾਂ ਸਮਰਪਣ ਨਹੀਂ ਕਰਦਾ। ਉਹ ਦੁੱਖਾਂ, ਹਾਰਾਂ ਅਤੇ ਵਿਡੰਬਨਾਵਾਂ ਦੇ ਬਾਵਜੂਦ ਜੀਵਨ ਦੀ ਅਰਥਵੱਤਾ ਦੀ ਖੋਜ ਕਰਦਾ ਹੈ। ਇਹੀ ਕਾਰਨ ਹੈ ਕਿ ਸੰਗ੍ਰਹਿ ਵਿਚ ਸੰਘਰਸ਼ ਅਤੇ ਆਸ ਨਾਲ਼ੋ-ਨਾਲ਼ ਚਲਦੇ ਹਨ। ਉਹ ਸਮਾਜ ਵਿਚ ਵਿਆਪਿਤ ਰੰਗ, ਨਸਲ, ਮਜ਼ਹਬ, ਜਾਤ ਅਤੇ ਜਮਾਤੀ ਵਿਤਕਰਿਆਂ 'ਤੇ ਸਿੱਧਾ ਵਾਰ ਕਰਦਾ ਹੈ। 'ਫ਼ਰਕ ਪੈਂਦਾ ਹੈ' ਕਵਿਤਾ ਰਾਹੀਂ ਕਵੀ ਦਰਸਾਉਂਦਾ ਹੈ ਕਿ ਅਖੌਤੀ ਜਮਹੂਰੀ ਅਤੇ ਬਰਾਬਰੀ ਦੇ ਦਾਅਵਿਆਂ ਦੇ ਬਾਵਜੂਦ ਮਨੁੱਖੀ ਸਮਾਜ ਵਿਚ ਅਦਿੱਖ ਕੰਧਾਂ ਖੜ੍ਹੀਆਂ ਹਨ। ਕਵਿਤਾ ਦੀਆਂ ਇਹ ਸਤਰਾਂ :

ਬਹੁਤ ਫ਼ਰਕ ਪੈਂਦਾ ਹੈ
ਜਦੋਂ ਸੰਘਰਸ਼
ਕਿਸੇ ਪ੍ਰਾਪਤੀ ਦਾ ਕਰ ਜਾਂਦਾ ਹੈ ਗੂੜ੍ਹਾ ਰੰਗ
ਆਖ਼ਰ ਫ਼ਰਕ ਮਿਟ ਜਾਂਦਾ ਹੈ
ਜਦੋਂ ਮਨੁੱਖਤਾ ਦੇ ਰੰਗ
ਰਚ ਜਾਂਦੇ ਨੇ ਕੁਦਰਤ ਦੇ ਰੰਗਾਂ ਸੰਗ

ਸਪਸ਼ਟ ਕਰਦੀਆਂ ਹਨ ਕਿ ਸਾਰੀਆਂ ਸਮਾਜਿਕ ਵਿਸ਼ੇਸ਼ਤਾਈਆਂ ਅਤੇ ਵਿਤਕਰਿਆਂ ਦਾ ਅੰਤ ਕੇਵਲ ਮਾਨਵਵਾਦੀ ਸੋਚ ਅਤੇ ਪ੍ਰਕਿਰਤੀ ਨਾਲ਼ ਇਕਸੁਰ ਹੋ ਕੇ ਹੀ ਸੰਭਵ ਹੈ। 'ਚਿੱਟ ਕੱਪੜੀਏ ਮਜ਼ਦੂਰ ਨੂੰ' ਕਵਿਤਾ ਵਿਚ ਕੰਪਿਊਟਰ 'ਤੇ ਬੈਠੇ ਡਿਜੀਟਲ ਮਜ਼ਦੂਰ ਅਤੇ ਚੌਂਕ 'ਤੇ ਖੜ੍ਹੇ ਸਰੀਰਕ ਮਜ਼ਦੂਰ ਦੇ ਦਰਦ ਨੂੰ ਇਕ ਬਰਾਬਰ ਲਿਆ ਕੇ ਖੜ੍ਹਾ ਕਰਦੀ ਹੈ, ਜੋ ਕਿ ਉੱਤਰ-ਆਧੁਨਿਕ ਪੂੰਜੀਵਾਦ ਦੇ ਨਵੇਂ ਰੂਪਾਂ ਦੀ ਡੂੰਘੀ ਸਾਹਿਤਕ ਸਮੀਖਿਆ ਹੈ।

ਪੁਸਤਕ ਵਿਚ ਨਾਰੀ-ਚੇਤਨਾ ਤੇ ਨਾਰੀ ਦੀ ਹੋਂਦ ਤੇ ਪਛਾਣ ਦੇ ਸਵਾਲ ਨੂੰ ਸ਼ਕਤੀਸ਼ਾਲੀ ਅਤੇ ਗੌਰਵਮਈ ਤਰੀਕੇ ਨਾਲ਼ ਉਠਾਇਆ ਗਿਆ ਹੈ। ਔਰਤ ਦੇ ਅਨੁਭਵ ਨੂੰ ਸਿਰਫ਼ ਸਹਾਨੁਭੂਤੀ ਜਾਂ ਕਰੁਨਾ ਦੇ ਪੱਧਰ 'ਤੇ ਨਹੀਂ, ਸਗੋਂ ਇਕ ਸੁਤੰਤਰ ਮਨੁੱਖੀ ਅਸਤਿਤਵ ਦੇ ਪੱਧਰ 'ਤੇ ਸਮਝਣ ਤੇ ਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਮੇਰਾ ਵਜੂਦ ਮੇਰੀ ਪਛਾਣ', 'ਮੈਂ ਰਾਹ ਸਿਰਜਦੀ ਹਾਂ', 'ਪਰਛਾਵੇਂ ਤੋਂ ਪਰਵਾਜ਼ ਤਕ', 'ਧੀਆਂ ਲਈ ਰਾਹ' ਅਤੇ 'ਚੁੱਲ੍ਹੇ ਦਾ ਸੇਕ' ਇਕੱਠੀਆਂ ਪੜ੍ਹੀਆਂ ਜਾਣ ਤਾਂ ਇਹ ਇਕ ਕਿਸਮ ਦੀ ਅੰਦਰੂਨੀ ਲੜੀ ਰਚਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਔਰਤ ਪਹਿਲਾਂ ਚੁੱਪ, ਫਿਰ ਸਵਾਲ, ਫਿਰ ਪ੍ਰਤਿਰੋਧ ਅਤੇ ਅੰਤ ਵਿਚ ਆਪਣਾ ਰਾਹ ਆਪ ਚੁਣਨ ਵਾਲੀ ਚੇਤਨਾ ਦੇ ਰੂਪ ਵਿਚ ਵਿਕਸਿਤ ਹੁੰਦੀ ਹੈ। ਕਵੀ ਇਸਤਰੀ ਨੂੰ ਕਿਸੇ ਦੀ 'ਰਜ਼ਾ' ਜਾਂ 'ਪਰਛਾਵੇਂ' ਵਜੋਂ ਦੇਖਣ ਦੀ ਬਜਾਏ ਉਸਦੀ ਸੁਤੰਤਰ ਹਸਤੀ ਨੂੰ ਸਵੀਕਾਰਦਾ ਹੈ। ਇਹ ਕਵਿਤਾਵਾਂ ਮਰਦ-ਪ੍ਰਧਾਨ ਸੋਚ ਦੀਆਂ ਹੱਦਾਂ ਨੂੰ ਚੁਣੌਤੀ ਦੇਂਦੀਆਂ ਹੋਈਆਂ ਬਰਾਬਰੀ ਅਤੇ ਸਹਿਹੋਂਦ 'ਤੇ ਆਧਾਰਿਤ ਨਵੇਂ ਸਮਾਜਿਕ ਸੰਬੰਧ ਦੀ ਮੰਗ ਕਰਦੀਆਂ ਹਨ। ਇਹ ਬਦਲਾਅ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਸੰਸਥਾਗਤ ਪਰਿਵਰਤਨ ਦੀ ਨੀਂਹ ਰੱਖਦਾ ਹੈ।

'ਪਰਛਾਵੇਂ ਤੋਂ ਪਰਵਾਜ਼ ਤਕ' ਵਿਚ ਵਰਤਿਆ ਗਿਆ ਸ਼ਬਦ 'ਸਟੇਰਿੰਗ' ਸਿਰਫ਼ ਗੱਡੀ ਦੀ ਦਿਸ਼ਾ ਨਹੀਂ, ਜ਼ਿੰਦਗੀ ਦੀ ਦਿਸ਼ਾ ਦਾ ਪ੍ਰਤੀਕ ਬਣ ਜਾਂਦਾ ਹੈ। "ਹੁਣ ਗੱਡੀ ਮੇਰੇ ਨਾਮ ਹੈ" ਅਤੇ "ਮੈਂ ਮੋੜ ਵੀ ਆਪ ਚੁਣਦੀ ਹਾਂ" ਵਰਗੀਆਂ ਪੰਕਤੀਆਂ ਆਤਮ-ਨਿਰਨੇ ਦੇ ਅਧਿਕਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਪ੍ਰਗਟਾਉਂਦੀਆਂ ਹਨ। ਇਹ ਕਵਿਤਾ ਨਾਰੀ-ਮੁਕਤੀ ਨੂੰ ਮਰਦ-ਵਿਰੋਧ ਦੇ ਰੂਪ ਵਿਚ ਨਹੀਂ, ਸਗੋਂ ਸਾਂਝ ਅਤੇ ਬਰਾਬਰੀ ਦੇ ਰੂਪ ਵਿਚ ਪਰਿਭਾਸ਼ਿਤ ਕਰਦੀ ਹੈ। "ਬਰਾਬਰੀ 'ਚ ਹੁਕਮ ਨਹੀਂ, ਸਾਂਝ ਹੁੰਦੀ ਹੈ" ਵਰਗੀ ਪੰਕਤੀ ਇਸ ਦ੍ਰਿਸ਼ਟੀਕੋਣ ਦੀ ਨੁਮਾਇੰਦਗੀ ਕਰਦੀ ਹੈ। "ਮੈਂ ਤੇਰੇ ਰਾਹਾਂ ਦੀ ਮੁਹਤਾਜ ਨਹੀਂ / ਖ਼ੁਦ ਰਾਹ ਸਿਰਜਦੀ ਹਾਂ" ਵਰਗੀ ਪੰਕਤੀ ਪੰਜਾਬੀ ਕਵਿਤਾ ਵਿਚ ਨਾਰੀ-ਸਵੈਮਾਨ ਦੀਆਂ ਮਹੱਤਵਪੂਰਨ ਪੰਕਤੀਆਂ ਵਿਚ ਰੱਖੀ ਜਾ ਸਕਦੀ ਹੈ। ਇਹ ਵਿਦ੍ਰੋਹ ਕਿਸੇ ਵਿਅਕਤੀ ਦੀ ਥਾਂ ਉਸ ਸਮੁੱਚੇ ਸਮਾਜਿਕ/ਰਾਜਨੀਤਿਕ ਢਾਂਚੇ ਵਿਰੁੱਧ ਹੈ ਜੋ ਔਰਤ ਦੀ ਹਸਤੀ ਨੂੰ ਦੂਜਿਆਂ ਦੀਆਂ ਪਰਿਭਾਸ਼ਾਵਾਂ ਅੰਦਰ ਸੀਮਿਤ ਕਰਨਾ ਚਾਹੁੰਦਾ ਹੈ।

ਕਾਵਿ-ਸੰਗ੍ਰਹਿ ਦਾ ਇਕ ਹੋਰ ਅਹਿਮ ਪੱਖ ਵੰਡ ਦੇ ਦਰਦ ਅਤੇ ਸਰਹੱਦਾਂ ਦੇ ਆਰ-ਪਾਰ ਫੈਲੀ ਸਾਂਝ ਦੀ ਤਲਾਸ਼ ਹੈ। 'ਸ਼ਾਇਦ ਇੰਜ ਹੋ ਜਾਵੇ' ਕਵਿਤਾ ਸੱਤ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਭਾਰਤ/ਪੰਜਾਬ ਦੀ ਵੰਡ ਦੇ ਉਸ ਨਾਸੂਰ ਨੂੰ ਫਰੋਲਦੀ ਹੈ ਜਿਸਨੇ ਨਫ਼ਰਤ ਦੀਆਂ ਅਤਾਰਕਿਕ ਕੰਧਾਂ ਉਸਾਰ ਦਿੱਤੀਆਂ ਸਨ। ਕਵੀ ਇਨ੍ਹਾਂ ਰਾਜਨੀਤਿਕ

ਸਰਹੱਦਾਂ ਦੇ ਖ਼ਿਲਾਫ਼ ਮਨੁੱਖੀ ਪਿਆਰ ਅਤੇ ਵਿਸ਼ਵਾਸ ਦੇ ਪੁਲ਼ ਬਣਾਉਣ ਦੀ ਵਕਾਲਤ ਕਰਦਾ ਹੈ। ਉਸਦੀ ਇਹ ਤਾਂਘ ਹੈ ਕਿ ਨਵੀਂ ਪੀੜ੍ਹੀ ਵਿਸ਼ਵਾਸ ਦੇ ਪੁਲ਼ ਬਣਾਵੇ, ਤਾਂਕਿ ਜਨੌਰਾਂ-ਪੰਛੀਆਂ ਵਾਂਗ ਇਧਰ-ਉਧਰ ਆਉਣ-ਜਾਣ ਦਾ ਸਬੱਬ ਬਣ ਜਾਵੇ। ਇਹ ਕਵਿਤਾਵਾਂ ਕਿਸੇ ਵੀ ਤਰ੍ਹਾਂ ਦੇ ਸਿਆਸੀ ਜਾਂ ਧਾਰਮਿਕ ਕੱਟੜਵਾਦ ਨੂੰ ਰੱਦ ਕਰਦਿਆਂ ਮਨੁੱਖਤਾ ਦੇ ਸਰਵ-ਵਿਆਪਕ ਰੰਗ ਵਿਚ ਰੰਗੇ ਜਾਣ ਦੀ ਪ੍ਰੇਰਨਾ ਦੇਂਦੀਆਂ ਹਨ।

ਇਹ ਕਵਿਤਾਵਾਂ ਜੀਵਨ ਦੇ ਉਹ ਸੱਚ ਵੀ ਉਜਾਗਰ ਕਰਦੀਆਂ ਹਨ ਜੋ ਆਮ ਸਮਾਜਿਕ ਗੱਲਬਾਤ ਵਿਚ ਅਕਸਰ ਅਣਡਿੱਠੇ ਰਹਿ ਜਾਂਦੇ ਹਨ। ਕਵੀ ਦਾ ਧਿਆਨ ਮਨੁੱਖੀ ਅਸਤਿਤਵ ਦੀਆਂ ਬੁਨਿਆਦੀ ਚਿੰਤਾਵਾਂ ਵਲ ਹੈ। ਉਸ ਲਈ ਜੀਵਨ ਕੇਵਲ ਜਿਊਣ ਦੀ ਪ੍ਰਕਿਰਿਆ ਨਹੀਂ, ਸਗੋਂ ਅਰਥ ਦੀ ਖੋਜ ਹੈ। ਇਹ ਖੋਜ ਉਸਨੂੰ ਮਨੁੱਖ, ਸਮਾਜ, ਕੁਦਰਤ ਅਤੇ ਇਤਿਹਾਸ ਦੇ ਆਪਸੀ ਸੰਬੰਧਾਂ ਵਲ ਲੈ ਜਾਂਦੀ ਹੈ।

'ਇਹ ਵੀ ਬੀਤ ਜਾਣੀ ਹੈ' ਅਤੇ 'ਮੌਰਚਰੀ 'ਚ ਬਾਪ ਦੀ ਲਾਸ਼' ਵਰਗੀਆਂ ਕਵਿਤਾਵਾਂ ਆਧੁਨਿਕ ਜੀਵਨ ਦੀ ਇਕੱਲਤਾ ਨੂੰ ਵਿਲੱਖਣ ਢੰਗ ਨਾਲ਼ ਪੇਸ਼ ਕਰਦੀਆਂ ਹਨ। "ਮੌਰਚਰੀ 'ਚ ਬਾਪ ਦੀ ਲਾਸ਼ ਨੂੰ / ਉਡੀਕਣਾ ਪਵੇਗਾ ਹੁਣ ਪੁੱਤ ਦੇ ਆਉਣ ਤਕ" ਵਰਗੀਆਂ ਪੰਕਤੀਆਂ ਆਧੁਨਿਕ ਪੰਜਾਬੀ ਸਮਾਜ ਦੀ ਇਕ ਕੌੜੀ ਸੱਚਾਈ ਨੂੰ ਉਘਾੜਦੀਆਂ ਹਨ। ਇਹ ਸਤਰਾਂ ਕੇਵਲ ਪਰਿਵਾਰ ਟੁੱਟਣ ਦੀ ਗੱਲ ਨਹੀਂ ਕਰਦੀਆਂ, ਸਗੋਂ ਉਪਭੋਗਤਾਵਾਦੀ ਯੁੱਗ ਵਿਚ ਮਨੁੱਖੀ ਰਿਸ਼ਤਿਆਂ ਦੇ ਹੌਲ਼ੀ-ਹੌਲ਼ੀ ਜਿਨਸਾਂ ਬਣਦੇ ਜਾਣ ਦੀ ਵਿਡੰਬਨਾ ਨੂੰ ਵੀ ਉਜਾਗਰ ਕਰਦੀਆਂ ਹਨ।

ਕਵੀ ਦੀ ਨਿਗਾਹ ਆਪਣੇ ਸਮੇਂ ਦੀਆਂ ਸਮਾਜਿਕ ਅਸਮਾਨਤਾਵਾਂ ਅਤੇ ਆਰਥਿਕ ਵਿਸੰਗਤੀਆਂ ਉੱਤੇ ਵੀ ਡੂੰਘੀ ਤਰ੍ਹਾਂ ਟਿਕੀ ਹੋਈ ਹੈ। ਮਹਾਮਾਰੀ ਅਤੇ ਲਾਕਡਾਊਨ ਨਾਲ਼ ਜੁੜੀਆਂ ਕਵਿਤਾਵਾਂ ਸੰਗ੍ਰਹਿ ਨੂੰ ਸਮਕਾਲੀ ਸੰਦਰਭ ਪ੍ਰਦਾਨ ਕਰਦੀਆਂ ਹਨ। 'ਆਵਾਜ਼ ਫੈਲਦੀ ਹੈ' ਕਵਿਤਾ ਮਹਾਮਾਰੀ ਦੌਰਾਨ ਪਰਵਾਸੀ ਮਜ਼ਦੂਰਾਂ ਦੀ ਤ੍ਰਾਸਦੀ ਨੂੰ ਦਰਜ ਕਰਦੀ ਹੈ। ਜਦੋਂ ਕਵੀ ਲਿਖਦਾ ਹੈ :

> ਪੈਰਾਂ ਦੇ ਛਾਲੇ ਤੁਰ ਪਏ ਨੇ
> ਧਰਤੀ 'ਤੇ ਖ਼ੂਨ ਦੇ ਨਕਸ਼ੇ ਬਣਾਉਂਦੇ ਹੋਏ

ਤਾਂ ਇਹ ਪੰਕਤੀਆਂ ਮਜ਼ਦੂਰਾਂ ਦੇ ਦੁੱਖ ਨੂੰ ਇਕ ਤਿੱਖੇ ਬਿੰਬ ਵਿਚ ਬਦਲ ਦੇਂਦੀਆਂ ਹਨ। ਇਹ ਬਿੰਬ ਕੇਵਲ ਇਕ ਦ੍ਰਿਸ਼ ਨਹੀਂ ਰਹਿੰਦਾ, ਬਲਕਿ ਸਮਕਾਲੀ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਇਸ ਕਵਿਤਾ ਵਿਚ ਕਵੀ ਮਜ਼ਦੂਰਾਂ ਦੇ ਦੁੱਖ ਨੂੰ ਬਾਹਰੋਂ ਨਹੀਂ ਵੇਖਦਾ, ਸਗੋਂ ਦੁੱਖ ਉਸਦੇ ਅੰਦਰੋਂ ਬੋਲਦਾ ਹੈ। ਕਵੀ ਕੇਵਲ ਹਮਦਰਦੀ ਨਹੀਂ ਜਤਾਉਂਦਾ, ਸਗੋਂ ਉਸ ਸਮਾਜਿਕ-ਆਰਥਿਕ ਢਾਂਚੇ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ ਜਿਸਨੇ ਮਜ਼ਦੂਰ ਨੂੰ ਏਨਾ ਬੇਸਹਾਰਾ ਬਣਾ ਦਿੱਤਾ। ਕਵੀ ਸਮਾਜਿਕ ਅਸਮਾਨਤਾ ਅਤੇ ਸ਼ੋਸ਼ਣ ਨੂੰ ਰੇਖਾਂਕਿਤ ਕਰਦਾ ਹੈ। ਉਸ ਲਈ ਮਜ਼ਦੂਰ ਦਾ ਦਰਦ ਕਿਸੇ ਇਕ ਵਿਅਕਤੀ ਦਾ ਨਹੀਂ, ਸਗੋਂ ਪੂਰੇ ਆਰਥਿਕ ਤੰਤਰ ਦੀ ਨਾਕਾਮੀ ਦਾ ਪ੍ਰਤੀਕ ਹੈ।

ਇਸ ਸੰਗ੍ਰਹਿ ਵਿਚ ਇਕ ਹੋਰ ਮਹੱਤਵਪੂਰਨ ਧਾਰਾ ਵਿਸਥਾਪਨ ਅਤੇ ਪਰਵਾਸ ਦੀ ਹੈ। 'ਪਿਤਾ ਜੀ ਦੀ ਬੋਲੀ ਤੇ ਚੁੱਪ', 'ਪਿਉ ਦੀਆਂ ਪੈੜਾਂ 'ਚ ਪੈਰ' ਅਤੇ 'ਨਵੇਂ

ਪਰਵਾਸੀਆਂ ਦਾ ਨਵਾਂ ਸਾਲ' ਮਿਲ਼ ਕੇ ਵਿਸਥਾਪਨ ਦੀ ਇਕ ਬਹੁ-ਪੱਧਰੀ ਤਸਵੀਰ ਪੇਸ਼ ਕਰਦੀਆਂ ਹਨ। ਏਥੇ ਵਿਸਥਾਪਨ ਸਿਰਫ਼ ਭੂਗੋਲਿਕ ਨਹੀਂ, ਭਾਸ਼ਾਈ, ਸਭਿਆਚਾਰਕ ਅਤੇ ਭਾਵਨਾਤਮਕ ਵੀ ਹੈ। "ਉਸ ਮਿੱਟੀ ਦੀ ਬੋਲੀ / ਤੇ ਅਗਲੀ ਨਸਲ ਦੀ ਬੋਲੀ ਵਿਚਕਾਰ / ਬੇਰੁਖ਼ ਬਰਫ਼ੀਲੀ ਸਰਹੱਦ ਹੈ" ਜਿਹੀਆਂ ਪੰਕਤੀਆਂ ਪਰਵਾਸੀ ਅਨੁਭਵ ਦੀਆਂ ਸਭ ਤੋਂ ਸਟੀਕ ਅਤੇ ਮਾਰਮਿਕ ਇਜ਼ਹਾਰਾਂ 'ਚ ਸ਼ਾਮਲ ਹਨ। ਭਾਸ਼ਾ ਏਥੇ ਕੇਵਲ ਸੰਚਾਰ ਦਾ ਸਾਧਨ ਨਹੀਂ, ਸਗੋਂ ਯਾਦ, ਵਿਰਾਸਤ ਅਤੇ ਪਛਾਣ ਦਾ ਘਰ ਬਣ ਜਾਂਦੀ ਹੈ।

'ਪਿਉ ਦੀਆਂ ਪੈੜਾਂ 'ਚ ਪੈਰ' ਵੰਡ, ਉਜਾੜੇ ਅਤੇ ਮੁੜ-ਨਿਰਮਾਣ ਦੀ ਯਾਦ ਨੂੰ ਬਹੁਤ ਸਹਿਜਤਾ ਨਾਲ਼ ਕਵਿਤਾਉਂਦੀ ਹੈ। ਏਥੇ ਕੋਈ ਵੱਡੇ ਇਤਿਹਾਸਕ ਦਾਅਵੇ ਨਹੀਂ ਹਨ; ਸਿਰਫ਼ ਇਕ ਪਰਿਵਾਰ ਦੀ ਕਹਾਣੀ ਹੈ, ਪਰ ਉਸੇ ਵਿਚੋਂ ਪੂਰੇ ਸਮਾਜ ਦਾ ਇਤਿਹਾਸ ਦਿਸਦਾ ਹੈ। ਇਹ ਕਵਿਤਾ ਦੱਸਦੀ ਹੈ ਕਿ ਇਤਿਹਾਸ ਸਿਰਫ਼ ਰਾਜਨੀਤਿਕ ਘਟਨਾਵਾਂ ਦਾ ਨਾਮ ਨਹੀਂ, ਸਗੋਂ ਉਹਨਾਂ ਆਮ ਮਨੁੱਖਾਂ ਦੀ ਜੱਦੋਜਹਿਦ ਦਾ ਵੀ ਨਾਮ ਹੈ ਜਿਨ੍ਹਾਂ ਨੇ ਉਜੜ ਕੇ ਦੁਬਾਰਾ ਘਰ ਵਸਾਏ।

ਪੰਜਾਬੀ ਸਮਾਜ ਵਿਚ ਪਰਵਾਸ ਕੇਵਲ ਰੁਜ਼ਗਾਰ ਜਾਂ ਬਿਹਤਰ ਜੀਵਨ ਦੀ ਲਾਲਸਾ ਨਹੀਂ, ਸਗੋਂ ਪਛਾਣ, ਯਾਦ ਅਤੇ ਟੁੱਟਦੇ ਰਿਸ਼ਤਿਆਂ ਦਾ ਮਾਮਲਾ ਵੀ ਹੈ। 'ਬੰਦਾ ਹਾਰਦਾ ਨਹੀਂ" ਇਸ ਪਰਵਾਸੀ ਅਨੁਭਵ ਨੂੰ ਇਕ ਨਵੀਂ ਗਹਿਰਾਈ ਦੇਣ ਵਾਲ਼ੀ ਕਵਿਤਾ ਹੈ। ਏਥੇ ਪਰਵਾਸ ਸਿਰਫ਼ ਭੂਗੋਲਿਕ ਤਬਦੀਲੀ ਨਹੀਂ ਰਹਿੰਦਾ। ਇਹ ਅੰਦਰੂਨੀ ਯਾਤਰਾ ਬਣ ਜਾਂਦਾ ਹੈ ਜਿਸ ਵਿਚ ਮਨੁੱਖ ਆਪਣੇ ਪੁਰਾਣੇ ਸੁਪਨਿਆਂ, ਰਿਸ਼ਤਿਆਂ ਅਤੇ ਪਛਾਣਾਂ ਨੂੰ ਮੁੜ-ਮੁੜ ਪਰਖਦਾ ਹੈ :

ਪਰਵਾਸ ਦਾ ਸਫ਼ਰ
ਚੱਲਦਾ ਆ ਰਿਹਾ ਹੈ ਅਜ਼ਲ ਤੋਂ
ਚਲਦਾ ਰਹੇਗਾ ਹਸ਼ਰ ਤਕ

ਵਰਗੀਆਂ ਪੰਕਤੀਆਂ ਇਸ ਅਨੁਭਵ ਨੂੰ ਵਿਅਕਤੀਗਤ ਤੋਂ ਉਠਾ ਕੇ ਮਨੁੱਖੀ ਇਤਿਹਾਸ ਦਾ ਹਿੱਸਾ ਬਣਾ ਦੇਂਦੀਆਂ ਹਨ। ਇਹ ਕਵਿਤਾ ਦੱਸਦੀ ਹੈ ਕਿ ਮਨੁੱਖ ਦਾ ਸਭ ਤੋਂ ਵੱਡਾ ਗੁਣ ਉਸਦੀ ਅਨੁਕੂਲ ਹੋਣ ਦੀ ਸਮਰੱਥਾ ਹੈ; ਇਸੇ ਲਈ ਉਹ ਭਟਕਦਾ ਹੈ, ਟੁੱਟਦਾ ਹੈ, ਪਰ ਹਾਰਦਾ ਨਹੀਂ।

ਕਵੀ ਹਾਸ਼ੀਏ 'ਤੇ ਧੱਕੇ ਹੋਏ ਲੋਕਾਂ ਦੀ ਆਵਾਜ਼ ਬਣਦਾ ਹੈ। ਉਸਦੀਆਂ ਕਵਿਤਾਵਾਂ ਵਿਚ ਉਹ ਲੋਕ ਬੋਲਦੇ ਹਨ ਜਿਨ੍ਹਾਂ ਦੀ ਆਵਾਜ਼ ਮੁੱਖਧਾਰਾ ਦੀ ਰਾਜਨੀਤੀ ਅਤੇ ਮੀਡੀਆ ਵਿਚ ਘੱਟ ਸੁਣੀ ਜਾਂਦੀ ਹੈ। ਇਹ ਲੋਕਤੰਤਰਿਕ ਸੰਵੇਦਨਾ ਇਸ ਸੰਗ੍ਰਹਿ ਦੀ ਮਹੱਤਵਪੂਰਨ ਤਾਕਤ ਹੈ। 'ਨਵਾਂ ਸਾਲ ਮੁਬਾਰਕ' ਬਹੁਤ ਮਹੱਤਵਪੂਰਨ ਕਵਿਤਾ ਹੈ। ਏਥੇ ਕਵੀ ਸਾਲ ਬਦਲਣ ਦੀ ਰਸਮੀ ਖ਼ੁਸ਼ੀ ਨੂੰ ਮਨੁੱਖੀ ਦੁੱਖਾਂ ਦੀ ਕਸੌਟੀ ਉੱਤੇ ਪਰਖਦਾ ਹੈ। "ਕੀ ਵਧਾਈਆਂ ਦਾ ਹੱਕ / ਮਿਲ਼ ਗਿਆ ਹੈ ਹਰ ਮਨੁੱਖ ਨੂੰ?" ਵਰਗਾ ਪ੍ਰਸ਼ਨ ਕੇਵਲ ਨਵੇਂ ਸਾਲ ਦੀ ਵਧਾਈ ਬਾਰੇ ਨਹੀਂ, ਸਗੋਂ ਸਮਾਜਿਕ ਨਿਆਂ ਦੇ ਪੂਰੇ ਸਵਾਲ ਬਾਰੇ ਹੈ। ਕਵੀ ਦੀ ਚਿੰਤਾ ਇਹ ਹੈ ਕਿ ਜਦ ਤਕ ਭੁੱਖ, ਜੰਗ, ਅਸਮਾਨਤਾ ਅਤੇ ਲੁੱਟ ਮੌਜੂਦ ਹਨ, ਤਦ ਤਕ ਜਸ਼ਨ ਅਧੂਰੇ ਹਨ।

'ਬੱਚੇ ਦੀ ਝਾਕਣੀ 'ਚ' ਯਾਦ-ਕੇਂਦਰਿਤ ਕਵਿਤਾ ਹੈ। ਇਸ ਕਵਿਤਾ ਦੀ ਵੱਡੀ ਕਲਾਤਮਕ ਖ਼ੂਬੀ ਤੇ ਪ੍ਰਾਪਤੀ ਜੁੱਤੀ ਪਾਲਿਸ਼ ਕਰਨ ਵਾਲੇ ਇਕ ਬੱਚੇ ਦੀ ਨਜ਼ਰ ਰਾਹੀਂ ਵਰਗ-ਵੰਡ, ਸਿੱਖਿਆ, ਆਤਮ-ਸਨਮਾਨ ਅਤੇ ਸੁਪਨਿਆਂ ਦੀ ਦੁਨੀਆ ਨੂੰ ਵੇਖਣਾ ਹੈ :

ਗਾਹਕ ਦੀ ਦੁਕਾਨ ਵਿਚਲੀ 'ਝਿੜਕ'
ਤੇ ਕਲਾਸ ਵਿਚ ਅਧਿਆਪਕ ਦੀ 'ਸ਼ਾਬਾਸ਼'

ਇਹ ਦੋ ਆਵਾਜ਼ਾਂ ਦਰਅਸਲ ਦੋ ਵੱਖਰੇ ਸਮਾਜਿਕ ਸੰਸਾਰਾਂ ਦੀਆਂ ਆਵਾਜ਼ਾਂ ਹਨ। ਇਸ ਕਵਿਤਾ ਵਿਚ ਕਵੀ ਦੀ ਸਮਾਜਿਕ ਸੰਵੇਦਨਾ ਅਤੇ ਕਾਵਿਕ ਸੰਜਮ ਦੋਵੇਂ ਇਕੱਠੇ ਨਜ਼ਰ ਆਉਂਦੇ ਹਨ।

ਕਵੀ ਦਾ ਵਾਤਾਵਰਨੀ ਸਰੋਕਾਰ ਇਸ ਸੰਗ੍ਰਹਿ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਹੈ। 'ਰੋਜ਼ ਸਵੇਰੇ', 'ਮਨੁੱਖ ਦੀ ਔਕਾਤ' ਅਤੇ 'ਭਟਕਣ ਤੋਂ ਵਾਪਸੀ' ਵਰਗੀਆਂ ਕਵਿਤਾਵਾਂ ਮਨੁੱਖ ਦੁਆਰਾ ਕੁਦਰਤ ਨਾਲ਼ੋਂ ਤੋੜੇ ਜਾ ਰਹੇ ਰਿਸ਼ਤੇ ਦੇ ਵਰਤਾਰੇ ਉੱਤੇ ਚਿੰਤਾ ਪ੍ਰਗਟ ਕਰਦੀਆਂ ਹਨ। 'ਰੋਜ਼ ਸਵੇਰੇ' ਵਿਚ ਕਵੀ ਕਹਿੰਦਾ ਹੈ :

ਬੇਮਾਅਨੇ ਕਰ ਦਿੱਤੇ ਨੇ ਅਸਾਂ
ਛਾਵਾਂ ਦੇ ਮੁਜੱਸਮੇ ਰੁੱਖ

ਇਹ ਸਤਰਾਂ ਆਧੁਨਿਕ ਉਪਭੋਗਤਾਵਾਦੀ ਮਨੁੱਖ ਦੀ ਉਸ ਵਿਕਾਸਵਾਦੀ ਮਨੋਬਿਰਤੀ ਦੀ ਆਲੋਚਨਾ ਕਰਦੀਆਂ ਹਨ ਜਿਸ ਨੇ ਕੁਦਰਤ ਨੂੰ ਸਿਰਫ਼ ਸਰੋਤ ਮੰਨ ਲਿਆ ਹੈ। ਮਨੁੱਖ ਉਹਨਾਂ ਤੱਤਾਂ ਨੂੰ ਹੀ ਭੁੱਲ ਰਿਹਾ ਹੈ ਜਿਨ੍ਹਾਂ 'ਤੇ ਉਹਦੀ ਹੋਂਦ ਟਿਕੀ ਹੋਈ ਹੈ। ਕਵੀ ਲਈ ਰੁੱਖ, ਪੰਛੀ, ਮਿੱਟੀ ਅਤੇ ਕੁਦਰਤੀ ਸੰਸਾਰ ਕੇਵਲ ਦ੍ਰਿਸ਼-ਸੁਹਜ ਦੇ ਅੰਗ ਹੀ ਨਹੀਂ, ਸਗੋਂ ਮਨੁੱਖੀ ਜੀਵਨ ਦੀ ਨਿਰੰਤਰਤਾ ਅਤੇ ਸੰਤੁਲਨ ਦੇ ਪ੍ਰਤੀਕ ਹਨ।

'ਮਨੁੱਖ ਦੀ ਔਕਾਤ' ਵਿਚ ਕੁਦਰਤੀ ਆਫ਼ਤ ਮਨੁੱਖੀ ਅਹੰਕਾਰ ਨੂੰ ਚੁਣੌਤੀ ਦੇਂਦੀ ਹੈ। ਏਥੇ ਕੁਦਰਤ ਸਿਰਫ਼ ਸੁੰਦਰਤਾ ਦਾ ਸਰੋਤ ਨਹੀਂ, ਸਗੋਂ ਮਨੁੱਖ ਨੂੰ ਉਸਦੀ ਸੀਮਾ ਦਾ ਅਹਿਸਾਸ ਕਰਵਾਉਣ ਵਾਲ਼ੀ ਤਾਕਤ ਹੈ।

'ਚੁੱਲ੍ਹੇ ਦਾ ਸੇਕ' ਅਤੇ 'ਲਾਸ਼ ਸੋਚਦੀ ਹੈ' ਇਸ ਕਾਵਿ-ਸੰਗ੍ਰਹਿ ਦੀਆਂ ਦੋ ਅਜਿਹੀਆਂ ਕੇਂਦਰੀ ਨਜ਼ਮਾਂ ਹਨ ਜੋ ਆਪਣੇ ਵਿਸ਼ੇਸ਼ ਪ੍ਰਤੀਕਾਂ ਅਤੇ ਗੂੜ੍ਹੇ ਵਿਚਾਰਧਾਰਿਕ ਪੱਖ ਤੋਂ ਆਪਣੀ ਵੱਖਰੀ ਦਾਰਸ਼ਨਿਕ ਪਛਾਣ ਸਥਾਪਿਤ ਕਰਦੀਆਂ ਹਨ। ਇਹਨਾਂ ਦੋਹਾਂ ਕਵਿਤਾਵਾਂ ਵਿਚ ਕਵੀ ਨੇ ਨਿੱਜੀ ਅਤੇ ਸਥਾਨਕ ਅਨੁਭਵਾਂ ਨੂੰ ਵਿਸ਼ਵਵਿਆਪੀ ਮਾਨਵਵਾਦੀ ਚਿੰਤਨ ਨਾਲ਼ ਜੋੜਿਆ ਹੈ। ਇਸ ਕਰਕੇ ਏਥੇ ਇਹਨਾਂ ਦੋਹਾਂ ਬਾਰੇ ਉਚੇਚੀ ਚਰਚਾ ਕਰਨੀ ਵਾਜਬ ਹੋਵੇਗੀ।

'ਚੁੱਲ੍ਹੇ ਦਾ ਸੇਕ' ਇਸ ਕਾਵਿ-ਸੰਗ੍ਰਹਿ ਦੀਆਂ ਸਭ ਤੋਂ ਮਾਰਮਿਕ ਅਤੇ ਯਾਦਗਾਰੀ ਕਵਿਤਾਵਾਂ ਵਿਚੋਂ ਇਕ ਹੈ। ਇਹ ਕਵਿਤਾ ਔਰਤ ਦੀ ਨਿੱਜੀ ਤ੍ਰਾਸਦੀ ਦਾ ਹੀ ਬਿਆਨ ਨਹੀਂ, ਸਗੋਂ ਪੇਂਡੂ ਪੰਜਾਬ ਦੇ ਉਸ ਲੰਮੇ ਸਮਾਜਿਕ ਇਤਿਹਾਸ ਦਾ ਕਾਵਿਕ ਦਸਤਾਵੇਜ਼ ਹੈ ਜਿਸ ਵਿਚ ਅਣਗਿਣਤ ਔਰਤਾਂ ਆਪਣੇ ਸੁਪਨਿਆਂ, ਆਪਣੀ ਪਛਾਣ ਤੇ ਆਪਣੇ ਅਸਤਿਤਵ ਨੂੰ ਪਰਿਵਾਰਿਕ ਮਰਿਆਦਾ ਅਤੇ ਸਮਾਜਿਕ ਰਵਾਇਤਾਂ ਦੀ ਭੱਠੀ ਵਿਚ ਸਾੜਦੀਆਂ ਰਹੀਆਂ ਹਨ। ਇਹ ਕਵਿਤਾ ਰੈਡੀਕਲ ਨਾਰੀਵਾਦੀ ਪਰਿਪੇਖ ਦੀ ਪੈਰਵੀ

ਕਰਦੀ ਹੈ, ਜਿੱਥੇ ਔਰਤ ਦੇ ਸ਼ੋਸ਼ਣ ਨੂੰ ਸਿਰਫ਼ ਆਰਥਿਕ ਪੱਧਰ ’ਤੇ ਨਹੀਂ, ਬਲਕਿ ਘਰੇਲੂ ਅਤੇ ਸਭਿਆਚਾਰਕ ਪੱਧਰ ’ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਕਵਿਤਾ ਵਿਚ ‘ਚੁੱਲ੍ਹਾ’ ਸਿਰਫ਼ ਰੋਟੀ ਪਕਾਉਣ ਵਾਲ਼ੀ ਭੌਤਿਕ ਥਾਂ ਜਾਂ ਚੀਜ਼ ਨਹੀਂ ਹੈ, ਬਲਕਿ ਪਿੱਤਰੀ-ਸੱਤਾਤਮਕ ਪ੍ਰਬੰਧ ਦਾ ਸਭ ਤੋਂ ਵੱਡਾ ਅਤੇ ਸੂਖਮ ਪ੍ਰਤੀਕ ਹੈ, ਜੋ ਔਰਤ ਦੀ ਸਮੁੱਚੀ ਹੋਂਦ, ਸਿਰਜਣਾਤਮਕਤਾ ਅਤੇ ਆਜ਼ਾਦੀ ਨੂੰ ਨਿਗਲ ਜਾਂਦਾ ਹੈ। ‘ਵੱਟੇ-ਸੱਟੇ’ ਦੀ ਪ੍ਰਥਾ ਅਤੇ ‘ਕਰਜ਼ੇ ਦੀ ਅਦਾਇਗੀ’ ਵਰਗੇ ਸੰਕਲਪ ਇਹ ਸਾਬਤ ਕਰਦੇ ਹਨ ਕਿ ਸਾਮੰਤਵਾਦੀ ਸਮਾਜ ਵਿਚ ਔਰਤ ਦੀ ਸਥਿਤੀ ਜਿਉਂਦੇ-ਜਾਗਦੇ ਮਨੁੱਖ ਵਾਲ਼ੀ ਨਹੀਂ, ਬਲਕਿ ਜਿਨਸ ਵਰਗੀ ਹੈ, ਜਿਸ ਦਾ ਵਟਾਂਦਰਾ ਪਰਿਵਾਰਿਕ ਹਿੱਤਾਂ ਅਤੇ ਮਰਦਾਂ ਦੀਆਂ ਲੋੜਾਂ ਅਨੁਸਾਰ ਕੀਤਾ ਜਾਂਦਾ ਹੈ।

ਇਸ ਵਿਚ ‘ਚੱਕੀ’ ਦਾ ਪ੍ਰਤੀਕ ਔਰਤ ਦੇ ਜੀਵਨ ਵਿਚ ਮੌਜੂਦ ਉਸ ਅੰਤਹੀਣ, ਨਿਰੰਤਰ ਅਤੇ ਮਕੈਨੀਕਲ ਜਬਰ ਦਾ ਪ੍ਰਗਟਾਵਾ ਹੈ, ਜੋ ਰੋਜ਼ਾਨਾ ਦੇ ਘਰੇਲੂ ਕੰਮਾਂ ਦੇ ਰੂਪ ਵਿਚ ਉਸਦੀ ਮਾਨਸਿਕ ਅਤੇ ਭਾਵਨਾਤਮਕ ਹੋਂਦ ਨੂੰ ਪੀਸਦਾ ਰਹਿੰਦਾ ਹੈ। ਕਵਿਤਾ ਵਿਚ ‘ਸੱਸ ਦੇ ਕੌੜੇ ਬੋਲ’ ਅਤੇ ‘ਨਿੰਮ ਦੀ ਛਾਲ’ ਦੇ ਪ੍ਰਤੀਕ ਉਸ ਸਮਾਜਿਕ ਕੁੜੱਤਣ ਅਤੇ ਮਾਨਸਿਕ ਤਸ਼ੱਦਦ ਨੂੰ ਦਰਸਾਉਂਦੇ ਹਨ, ਜਿਸ ਨੂੰ ਔਰਤ ਰਿਸ਼ਤਿਆਂ ਦੇ ਨਾਮ ’ਤੇ ਸਹਿਣ ਕਰਦੀ ਹੈ। ਸਭ ਤੋਂ ਦਰਦਨਾਕ ਬਿੰਬ ਉਦੋਂ ਸਿਰਜਿਆ ਜਾਂਦਾ ਹੈ ਜਦੋਂ ਮਾਂ ਬੱਚੇ ਨੂੰ ਜਨਮ ਦੇਂਦੀ ਹੈ, ਅਤੇ ਕਵੀ ਆਖਦਾ ਹੈ ਕਿ *“ਮਾਂ ਦੀ ਛਾਤੀ ’ਚੋਂ ਦੁੱਧ ਤੋਂ ਪਹਿਲਾਂ ਉੱਤਰਦਾ ਹੈ ਦੁੱਖ”* ਇਹ ‘ਦੁੱਧ’ ਅਤੇ ‘ਦੁੱਖ’ ਦਾ ਸੁਮੇਲ ਜੈਵਿਕ ਮਾਤ੍ਰਿਤਵ (Biological Motherhood) ਨੂੰ ਸਮਾਜਿਕ ਸੰਤਾਪ ਦੇ ਰੂਪ ਵਿਚ ਪੇਸ਼ ਕਰਦਾ ਹੈ—ਅਜਿਹੀ ਮਾਂ ਜੋ ਜਾਣਦੀ ਹੈ ਕਿ ਉਸਦੀ ਧੀ ਨੂੰ ਵੀ ਇਸੇ ਜਬਰ ਦੇ ਚੱਕਰਵਿਊ ਵਿਚ ਜੀਣਾ ਪੈਣਾ ਹੈ। ਕਵਿਤਾ ਦੇ ਅਖ਼ੀਰ ਵਿਚ ‘ਸੁਆਹ ਹੂੰਝਣ’ ਦਾ ਪ੍ਰਤੀਕ ਔਰਤ ਦੇ ਸਵੈ-ਮਿਟਾਉਣ ਦੀ ਅੰਤਿਮ ਸੀਮਾ ਹੈ, ਜਿੱਥੇ ਉਹ ਹਰ ਰੋਜ਼ ਚੁੱਲ੍ਹੇ ਦੀ ਸੁਆਹ ਦੇ ਨਾਲ਼-ਨਾਲ਼ ਆਪਣੇ ਅੰਦਰਲੀ ਔਰਤ, ਆਪਣੇ ਹਾਸੇ ਤੇ ਆਪਣੀਆਂ ਸਾਰੀਆਂ ਰੀਝਾਂ ਨੂੰ ਹੂੰਝ ਕੇ ਬੂਹੇ ਤੋਂ ਬਾਹਰ ਸੁੱਟ ਦੇਂਦੀ ਹੈ। ਇਹ ਬਿੰਬ ਸਮਾਜਿਕ ਮਰਿਆਦਾ ਦੇ ਉਸ ਭਿਆਨਕ ਸੱਚ ਨੂੰ ਨੰਗਾ ਕਰਦਾ ਹੈ ਜਿੱਥੇ ਔਰਤ ਦੀ ‘ਚੁੱਪ’ ਨੂੰ ਉਸਦਾ ‘ਸੰਸਕਾਰ’ ਆਖ ਕੇ ਵਡਿਆਇਆ ਜਾਂਦਾ ਹੈ, ਜੋ ਕਿ ਅਸਲ ਵਿਚ ਉਸਦੀ ਹੋਂਦ ਦੀ ਹੱਤਿਆ ਹੈ।

‘ਲਾਸ਼ ਸੋਚਦੀ ਹੈ’ ਨਾ ਕੇਵਲ ਇਸ ਕਾਵਿ-ਸੰਗ੍ਰਹਿ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਕਵਿਤਾਵਾਂ ਵਿਚੋਂ ਇਕ ਹੈ ਸਗੋਂ ਜੰਗ-ਵਿਰੋਧੀ ਕਵਿਤਾਵਾਂ ਵਿਚ ਸ਼ਾਹਕਾਰ ਰਚਨਾ ਹੈ। ਕਵੀ ਇਕ ਮਰੇ ਹੋਏ ਸਿਪਾਹੀ ਦੀ ਆਵਾਜ਼ ਰਾਹੀਂ ਜੰਗ ਦੇ ਅਸਲੀ ਤੇ ਭਿਆਨਕ ਚਿਹਰੇ ਨੂੰ ਬੇਨਕਾਬ ਕਰਦਾ ਹੈ। ਜਦ ਤਾਬੂਤ ਵਿਚ ਪਈ ਲਾਸ਼ ਇਹ ਪ੍ਰਸ਼ਨ ਕਰਦੀ ਹੈ :

ਸੱਚ ਦੱਸੋ, ਲੜੇ ਹੋ ਢਿੱਡ ਦੀ ਭੁੱਖ ਲਈ
ਕਿ ਦੇਸ਼-ਭਗਤੀ ਦੇ ਭਰਮ ਖ਼ਾਤਰ?

ਤਾਂ ਇਹ ਪ੍ਰਸ਼ਨ ਜੰਗ ਦੀਆਂ ਅਧਿਕਾਰਿਕ ਵਿਆਖਿਆਵਾਂ ਨੂੰ ਚੁਣੌਤੀ ਹੀ ਨਹੀਂ ਦੇਂਦਾ ਸਗੋਂ ਅੰਧ-ਰਾਸ਼ਟਰਵਾਦ ਦੇ ਮੂੰਹ ’ਤੇ ਕਰਾਰੀ ਚਪੇੜ ਵੀ ਮਾਰਦਾ ਹੈ।

ਤਾਬੂਤ ਵਿਚ ਪਈ ਲਾਸ਼ ਦਾ ਸੋਚਣਾ ਆਪਣੇ-ਆਪ ਵਿਚ ਬਹੁਤ ਵੱਡਾ ਪ੍ਰਤੀਕ ਹੈ,

ਜਿਸਦਾ ਸਵਾਲ ਪੁੱਛਣਾ ਅਸਲ ਵਿਚ ਸੱਤਾ ਦੇ ਉਸ ਭਰਮ-ਜਾਲ਼ ਨੂੰ ਤੋੜਨਾ ਹੈ, ਜੋ ਜਿਉਂਦੇ ਜੀਅ ਮਨੁੱਖ ਨੂੰ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਦੇਂਦਾ। ਰਾਸ਼ਟਰਵਾਦ ਦੇ ਨਾਂ 'ਤੇ ਸੱਤਾਵਾਂ/ਹਕੂਮਤਾਂ ਕਿਵੇਂ ਆਮ ਇਨਸਾਨਾਂ ਨੂੰ 'ਮੋਹਰੇ' ਬਣਾ ਕੇ ਲੜਾਉਂਦੀਆਂ ਹਨ, ਇਸਦਾ ਪਰਦਾਫ਼ਾਸ਼ ਇਹ ਸਤਰਾਂ ਕਰਦੀਆਂ ਹਨ :

ਸੱਤਾ ਨੇ ਫੜਾ ਕੇ ਰਾਸ਼ਟਰਵਾਦ ਦੀਆਂ ਤਖ਼ਤੀਆਂ
ਸਾਨੂੰ ਬਣਾ ਦਿੱਤਾ ਸਿਰਫ਼ ਹਥਿਆਰ
ਛਾਤੀਆਂ 'ਤੇ ਸਜਾਏ ਜਾ ਰਹੇ ਨੇ ਜੋ ਤਮਗ਼ੇ
ਦਿਲਾਂ 'ਚ ਕਰੀ ਜਾ ਰਹੇ ਨੇ ਛੇਕ

'ਤਾਬੂਤ', 'ਤਮਗ਼ੇ' ਅਤੇ 'ਝੰਡਾ' ਇਸ ਕਵਿਤਾ ਵਿਚ ਸੱਤਾ ਦੇ ਉਹ ਪ੍ਰਤੀਕਾਤਮਕ ਸੰਦ ਹਨ, ਜਿਨ੍ਹਾਂ ਰਾਹੀਂ ਮੌਤ ਦਾ ਵਪਾਰ ਕੀਤਾ ਜਾਂਦਾ ਹੈ ਅਤੇ ਉਸ ਮੌਤ ਨੂੰ ਪਵਿੱਤਰ 'ਸ਼ਹਾਦਤ' ਦਾ ਰੰਗ ਦੇ ਕੇ ਜਸ਼ਨ ਮਨਾਇਆ ਜਾਂਦਾ ਹੈ। ਇਹ ਕਵਿਤਾ ਸਾਮਰਾਜਵਾਦੀ ਤੇ ਸਰਮਾਏਦਾਰੀ ਨਿਜ਼ਾਮ ਉੱਤੇ ਬਹੁਤ ਵੱਡੀ ਚੋਟ ਹੈ, ਜਿਹੜਾ ਆਪਣੀਆਂ ਸਰਹੱਦਾਂ ਅਤੇ ਮੁਨਾਫ਼ੇ ਨੂੰ ਵਧਾਉਣ ਲਈ ਗ਼ਰੀਬਾਂ ਦੇ ਬੱਚਿਆਂ ਨੂੰ ਮੌਤ ਦੇ ਮੂੰਹ ਵਿਚ ਧੱਕਦਾ ਹੈ।

ਕਵੀ ਮਨੁੱਖੀ ਜੀਵਨ ਨੂੰ ਹਰ ਤਰ੍ਹਾਂ ਦੀ ਰਾਜਨੀਤਿਕ ਮਹਿਮਾ ਤੋਂ ਉੱਪਰ ਰੱਖਦਾ ਹੈ। ਉਸ ਲਈ ਜੰਗ ਦਾ ਹਰ ਨਾਅਰਾ ਮਨੁੱਖੀ ਤਬਾਹੀ ਵਿਚ ਤਬਦੀਲ ਹੋ ਜਾਂਦਾ ਹੈ। ਇਹ ਕਵਿਤਾ ਸਿਰਫ਼ ਸ਼ਾਂਤੀ ਦੇ ਗੀਤ ਗਾਉਣ ਦੀ ਥਾਂ 'ਜੰਗਬਾਜ਼ਾਂ ਨੂੰ ਪਸੀਨੋ-ਪਸੀਨੀ' ਕਰਨ ਲਈ ਗਰਜਣ ਦਾ ਸੱਦਾ ਹੈ, ਜੋ ਇਸਨੂੰ ਜੁਝਾਰੂ ਤੇ ਪ੍ਰਗਤੀਸ਼ੀਲ ਰਚਨਾ ਬਣਾਉਂਦਾ ਹੈ।

ਜਦ ਇਹਨਾਂ ਦੋਹਾਂ ਕਵਿਤਾਵਾਂ ਦੇ ਵਿਚਾਰਧਾਰਿਕ ਪੱਖਾਂ ਦੀ ਸਾਂਝ ਦੇਖੀਏ, ਤਾਂ ਸਪਸ਼ਟ ਹੁੰਦਾ ਹੈ ਕਿ 'ਚੁੱਲ੍ਹੇ ਦਾ ਸੇਕ' ਜਿੱਥੇ ਨਿੱਜੀ ਅਤੇ ਘਰੇਲੂ ਸਪੇਸ ਦੇ ਅੰਦਰ ਚੱਲ ਰਹੇ ਜਬਰ ਨੂੰ ਉਘਾੜਦੀ ਹੈ, ਓਥੇ 'ਲਾਸ਼ ਸੋਚਦੀ ਹੈ' ਜਨਤਕ ਅਤੇ ਰਾਜਨੀਤਿਕ ਸਪੇਸ ਦੇ ਅੰਦਰ ਚੱਲ ਰਹੇ ਵੱਡੇ ਸਿਆਸੀ ਜਬਰ ਨੂੰ ਨੰਗਾ ਕਰਦੀ ਹੈ। 'ਚੁੱਲ੍ਹੇ ਦਾ ਸੇਕ' ਦੀ ਮਾਂ ਅਤੇ 'ਲਾਸ਼ ਸੋਚਦੀ ਹੈ' ਦਾ ਸਿਪਾਹੀ—ਦੋਵੇਂ ਹੀ ਇਸ ਮੌਜੂਦਾ ਸਿਸਟਮ ਦੇ ਸਭ ਤੋਂ ਵੱਡੇ ਸ਼ਿਕਾਰ ਹਨ। ਮਾਂ ਜਿੱਥੇ ਪਿੱਤਰੀ-ਸੱਤਾਤਮਕ ਪਰਿਵਾਰ ਦੀ ਬਲੀ ਚੜ੍ਹਦੀ ਹੈ, ਓਥੇ ਸਿਪਾਹੀ ਰਾਸ਼ਟਰ-ਰਾਜ ਦੀਆਂ ਰਾਜਨੀਤਿਕ ਸਾਜ਼ਿਸ਼ਾਂ ਦੀ ਬਲੀ ਚੜ੍ਹਦਾ ਹੈ। ਦੋਹਾਂ ਕੋਲ਼ ਜਿਉਂਦੇ ਜੀਅ ਆਪਣੀ ਕਿਸਮਤ ਦਾ ਫ਼ੈਸਲਾ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ। ਕਵੀ ਨੇ ਦੋਹਾਂ ਥਾਵਾਂ 'ਤੇ ਬਹੁਤ ਹੀ ਸੂਖਮ ਪ੍ਰਤੀਕਾਤਮਕ ਭਾਸ਼ਾ ਦੀ ਵਰਤੋਂ ਕੀਤੀ ਹੈ—ਇਕ ਪਾਸੇ 'ਸੁਆਹ' ਔਰਤ ਦੀ ਮਿਟ ਚੁੱਕੀ ਹੋਂਦ ਦਾ ਪ੍ਰਤੀਕ ਹੈ, ਦੂਜੇ ਪਾਸੇ 'ਠੰਢੀ ਲਾਸ਼' ਸੱਤਾ ਦੇ ਹੱਥੋਂ ਕਤਲ ਹੋਏ ਮਾਨਵਵਾਦ ਦਾ ਪ੍ਰਤੀਕ ਹੈ।

ਇਹਨਾਂ ਕਵਿਤਾਵਾਂ ਦੀ ਕਲਾਤਮਕ ਖ਼ੂਬੀ ਇਹ ਹੈ ਕਿ ਇਹ ਸਿਰਫ਼ ਤ੍ਰਾਸਦੀ ਨੂੰ ਬਿਆਨ ਕਰ ਕੇ ਖ਼ਤਮ ਨਹੀਂ ਹੁੰਦੀਆਂ, ਸਗੋਂ ਇਹਨਾਂ ਦੇ ਅੰਦਰ ਡੂੰਘੀ ਪ੍ਰਗਤੀਸ਼ੀਲ ਤਬਦੀਲੀ ਦੀ ਲੋਚਾ ਵੀ ਮੌਜੂਦ ਹੈ। 'ਚੁੱਲ੍ਹੇ ਦਾ ਸੇਕ' ਦੀ ਮਾਂ ਭਾਵੇਂ ਖ਼ੁਦ ਨੂੰ ਸੁਆਹ ਵਾਂਗ ਹੂੰਝ ਦੇਂਦੀ ਹੈ, ਪਰ 'ਧੀਆਂ ਲਈ ਰਾਹ' ਵਰਗੀਆਂ ਕਵਿਤਾਵਾਂ ਲਈ ਪ੍ਰੇਰਨਾ ਬਣਦੀ ਹੈ, ਜਿੱਥੇ ਧੀਆਂ ਉਸੇ ਚੁੱਲ੍ਹੇ ਦੀ ਅੱਗ ਨੂੰ ਹੱਥਾਂ ਵਿਚ ਲੈ ਕੇ ਬਗ਼ਾਵਤ ਦੀ ਮਸ਼ਾਲ ਬਣਾਉਂਦੀਆਂ ਹਨ। ਇੰਞ ਹੀ 'ਲਾਸ਼ ਸੋਚਦੀ ਹੈ' ਦਾ ਸਵਾਲੀਆ ਲਹਿਜਾ ਪਾਠਕਾਂ ਦੇ

ਮਨਾਂ 'ਚ ਜੰਗਬਾਜ਼ਾਂ ਖ਼ਿਲਾਫ਼ ਸਾਂਝੀ ਚੇਤਨਾ ਅਤੇ ਵਿਦ੍ਰੋਹ ਦਾ ਬੀਜ ਬੀਜਦਾ ਹੈ।

ਸਿੱਟੇ ਵਜੋਂ, ਇਹ ਦੋਵੇਂ ਨਜ਼ਮਾਂ ਆਪਣੇ ਵਿਸ਼ੇਸ਼ ਪ੍ਰਤੀਕਾਂ—ਚੁੱਲ੍ਹਾ, ਚੱਕੀ, ਸੁਆਹ, ਲਾਸ਼, ਤਾਬੂਤ, ਤਮਗ਼ੇ—ਤੇ ਕ੍ਰਮਵਾਰ ਆਪਣੇ ਨਾਰੀਵਾਦੀ ਤੇ ਮਾਰਕਸਵਾਦੀ ਵਿਚਾਰਧਾਰਿਕ ਪੱਖਾਂ ਰਾਹੀਂ ਪੰਜਾਬੀ ਕਵਿਤਾ ਨੂੰ ਇਕ ਉੱਚੇ ਦਾਰਸ਼ਨਿਕ ਅਤੇ ਕਲਾਤਮਕ ਪੱਧਰ 'ਤੇ ਲੈ ਜਾਂਦੀਆਂ ਹਨ, ਜੋ ਪਾਠਕ ਦੇ ਵਿਵੇਕ ਨੂੰ ਜਗਾ ਕੇ ਉਸਨੂੰ ਬਿਹਤਰ ਅਤੇ ਨਿਆਂਪੂਰਨ ਸਮਾਜ ਦੀ ਸਿਰਜਣਾ ਲਈ ਸੋਚਣ ਵਲ ਤੋਰਦੀਆਂ ਹਨ।

ਇਸ ਸੰਗ੍ਰਹਿ ਦਾ ਇਕ ਹੋਰ ਵਰਨਣਯੋਗ ਪੱਖ ਇਸ ਵਿਚਲੀ ਦਾਰਸ਼ਨਿਕ ਗਹਿਰਾਈ ਹੈ। 'ਮੌਤ', 'ਸਦੀਵੀ ਯਾਤਰਾ', 'ਮੁਕਤੀ ਦੀ ਸੰਭਾਵਨਾ', 'ਜ਼ਿੰਦਗੀ ਹੋਰ ਕੀ ਹੈ' ਤੇ 'ਹੋਰ ਮੈਂ ਕੀ ਕਹਾਂ' ਵਰਗੀਆਂ ਕਵਿਤਾਵਾਂ ਜੀਵਨ ਦੇ ਬੁਨਿਆਦੀ ਪ੍ਰਸ਼ਨਾਂ ਨਾਲ਼ ਜੂਝਦੀਆਂ ਹਨ। 'ਮੌਤ' ਵਿਚ ਕਵੀ ਮੌਤ ਨੂੰ ਕਿਸੇ ਖ਼ੌਫ਼ਨਾਕ ਘਟਨਾ ਵਜੋਂ ਨਹੀਂ, ਸਗੋਂ ਜੀਵਨ ਦੀ ਅਟੱਲ ਸੱਚਾਈ ਵਜੋਂ ਪੇਸ਼ ਕਰਦਾ ਹੈ—

ਚੰਗੇ-ਭਲੇ ਜੀਵਨ ਨੂੰ
ਪਲ ਭਰ ਵਿਚ ਹੀ
ਕਰ ਦਿੰਦੀ ਹੈ—'ਹੈ' ਤੋਂ 'ਸੀ'

ਇਸ ਸੰਖੇਪ ਪਰ ਪ੍ਰਭਾਵਸ਼ਾਲੀ ਬਿੰਬ ਵਿਚ ਜੀਵਨ ਦੀ ਅਸਥਿਰਤਾ ਤੇ ਸਮੇਂ ਦੀ ਨਿਰਦਈ ਗਤੀ ਦੋਵੇਂ ਸਮਾ ਜਾਂਦੇ ਹਨ।। ਕਵੀ ਮੌਤ ਨੂੰ ਨਿਰਾਸ਼ਾ ਨਹੀਂ, ਸਗੋਂ ਆਤਮ-ਚਿੰਤਨ ਦੇ ਮੌਕੇ ਵਜੋਂ ਵੇਖਦਾ ਹੈ। ਉਸਦੀ ਕਵਿਤਾ ਵਿਚ ਮਨੁੱਖ ਹਾਰ ਨਹੀਂ ਮੰਨਦਾ। ਉਹ ਜੀਵਨ ਦੇ ਅਰਥ ਨੂੰ ਆਪ ਰਚਣ ਦੀ ਕੋਸ਼ਿਸ਼ ਕਰਦਾ ਹੈ। 'ਸਦੀਵੀ ਯਾਤਰਾ' ਤੇ 'ਮੁਕਤੀ ਦੀ ਸੰਭਾਵਨਾ' ਵਿਚ ਜੀਵਨ ਨੂੰ ਨਿਰੰਤਰ ਖੋਜ ਵਜੋਂ ਦੇਖਿਆ ਗਿਆ ਹੈ। ਏਥੇ ਕੋਈ ਅੰਤਿਮ ਸੱਚ ਨਹੀਂ, ਕੋਈ ਅੰਤਿਮ ਮੰਜ਼ਿਲ ਨਹੀਂ; ਖੋਜ ਹੀ ਮੰਜ਼ਿਲ ਬਣ ਜਾਂਦੀ ਹੈ

ਕਵੀ ਦਾ ਮੁੱਖ ਸਰੋਕਾਰ ਸਮਾਜਿਕ ਮੁਖੌਟਿਆਂ ਦੇ ਪਿੱਛੇ ਛੁਪੇ ਨੰਗੇ ਸੱਚ ਨੂੰ ਬੇਪਰਦ ਕਰਨਾ ਅਤੇ ਵਕਤ ਦੀਆਂ ਬੇਰਹਿਮ ਹਕੀਕਤਾਂ ਦੇ ਸਨਮੁੱਖ ਮਨੁੱਖੀ ਵਿਵੇਕ ਦੀ ਪੁਨਰ-ਸਥਾਪਨਾ ਕਰਨਾ ਹੈ। ਮਨੁੱਖ ਉਮਰ ਭਰ ਧਰਮ-ਪੋਥੀਆਂ ਦੇ ਸਫ਼ਿਆਂ ਵਿਚ ਆਪਣੀ ਜਿਗਿਆਸਾ ਦੀ ਪਿਆਸ ਬੁਝਾਉਣ ਦਾ ਭਰਮ ਪਾਲ਼ਦਾ ਰਹਿੰਦਾ ਹੈ। ਪਰ ਜ਼ਿੰਦਗੀ ਦੀ ਭੱਜ-ਦੌੜ ਵਿਚ ਉਸ ਦੇ ਹੱਥ ਕੋਈ ਹਕੀਕੀ ਹਰਫ਼ ਨਹੀਂ ਆਉਂਦਾ, ਬਲਕਿ 'ਧਰਮੀ' ਹੋਣ ਦਾ ਮਾਨਸਿਕ ਮੁਖੌਟਾ ਉਸਦੀ ਹੋਂਦ ਦੀ ਮਜਬੂਰੀ ਬਣ ਜਾਂਦਾ ਹੈ। ਕਵੀ ਲਿਖਦਾ ਹੈ, "ਇਹ ਇਕ ਸਮਾਜਕ ਮੁਖੌਟਾ ਸੀ / ਜਿੱਥੇ 'ਗਿਆਨੀ' ਬਣ ਕੇ ਆਪਣੀ ਨਾਕਾਮੀ ਨੂੰ ਉਹ / ਸਿਖਾਉਂਦਾ ਰਿਹਾ ਹੌਸਲੇ ਦੀ ਭਾਸ਼ਾ" ਜਦੋਂ ਸਰੀਰ ਸਾਥ ਛੱਡ ਦੇਂਦਾ ਹੈ ਅਤੇ ਹਸਪਤਾਲ ਦੀਆਂ ਮਸ਼ੀਨਾਂ ਸਾਹਾਂ ਦੀ ਰੱਸੀ ਫੜ ਕੇ ਜ਼ਿੰਦਗੀ ਨੂੰ ਨਾਕਾਮ ਹੌਸਲਾ ਦੇਂਦੀਆਂ ਹਨ, ਤਾਂ ਮੌਤ ਤੋਂ ਬਾਅਦ ਸਮਾਜ ਉਸ ਨਿਰਜੀਵ ਦੇਹ ਨੂੰ ਮੁੜ ਰੀਤਾਂ ਦੇ ਮੰਤਰਾਂ ਤੇ ਧਰਮ ਦੀਆਂ ਚਾਦਰਾਂ ਵਿਚ ਲਪੇਟ ਕੇ ਤੋਰ ਦੇਂਦਾ ਹੈ। ਕਵੀ ਇਸ ਵੰਡ 'ਤੇ ਇਕ ਗੰਭੀਰ ਸਵਾਲ ਉਠਾਉਂਦਾ ਹੈ ਕਿ ਜਿਊਂਦੇ ਜੀਅ ਸਰੀਰ ਲਈ ਦਵਾਵਾਂ ਅਤੇ ਮਨ ਦੀ ਟੁੱਟ-ਭੱਜ ਲਈ ਦੁਆਵਾਂ ਦਾ ਇਹ ਪਾਖੰਡ ਕਿਉਂ ਹੈ? ਤੇ ਧਰਮ ਕੋਈ ਅੰਤਿਮ ਮੰਜ਼ਿਲ ਨਹੀਂ, ਸਿਰਫ਼ ਇਕ ਅਸਥਾਈ ਸਹਾਰਾ ਹੈ ਜੋ ਹਸਪਤਾਲ ਦੇ ਬੈੱਡ ਅਤੇ ਮੌਤ ਦੇ ਦਰਮਿਆਨ

ਫੈਲੇ ਅੰਤਹੀਣ ਖ਼ਾਲੀਪਣ ਨੂੰ ਚੁੱਪ-ਚਾਪ ਸਹਿੰਦਾ ਹੈ।

ਸੰਸਥਾਗਤ ਜਬਰ ਦੀ ਪਰਤ 'ਘਾੜਤ' ਪ੍ਰਕਿਰਿਆ ਰਾਹੀਂ ਉੱਘੜਦੀ ਹੈ, ਜਿੱਥੇ ਸਮਾਜ ਦੀ ਖ਼ਾਮੋਸ਼ ਤਪੀ ਭੱਠੀ ਵਿਚ ਮਨੁੱਖ ਦਾ ਵਿਕਾਸ ਨਹੀਂ ਹੁੰਦਾ, ਬਲਕਿ ਉਸਦੀ ਮੌਲਿਕਤਾ ਨੂੰ ਮਾਰ ਕੇ ਉਸਨੂੰ ਇਕ ਖ਼ਾਸ ਸਾਂਚੇ ਵਿਚ ਢਾਲ਼ਿਆ ਜਾਂਦਾ ਹੈ। ਅੱਖਰਾਂ ਦੀ ਪੌੜੀ ਚੜ੍ਹਦਿਆਂ-ਚੜ੍ਹਦਿਆਂ ਜਦੋਂ ਮਨੁੱਖ ਦੀ ਆਪਣੀ ਆਵਾਜ਼ ਖ਼ੁਦਕੁਸ਼ੀ ਕਰ ਲੈਂਦੀ ਹੈ, ਤਾਂ ਉਹ ਸਿਆਣਾ ਨਹੀਂ, ਬਲਕਿ ਸੱਤਾ ਦਾ ਗ਼ੁਲਾਮ ਪੁਰਜ਼ਾ ਬਣ ਜਾਂਦਾ ਹੈ। ਕਵਿਤਾ ਦੀਆਂ ਸਤਰਾਂ ਇਸ ਭਿਆਨਕ ਤਬਦੀਲੀ ਨੂੰ ਬਿਆਨ ਕਰਦੀਆਂ ਹਨ ਕਿ ਉਹ ਵੱਡਾ ਨਹੀਂ ਸੀ ਹੋ ਰਿਹਾ ਬਲਕਿ ਉਹਦੇ 'ਘੜੇ ਜਾਣ ਦੀ ਪ੍ਰਕਿਰਿਆ' ਵਾਪਰ ਰਹੀ ਸੀ। ਜਦੋਂ ਮਨੁੱਖੀ ਸਮਝ ਪਾਣੀ ਵਾਂਫ ਨਿਰਮਲ ਤੇ ਰਵਾਂ ਰਹਿਣ ਦੀ ਬਜਾਏ ਲੋਹੇ ਵਾਂਗ ਸਖ਼ਤ ਹੋ ਕੇ ਅਜਿਹਾ ਔਜ਼ਾਰ ਬਣ ਜਾਵੇ ਤੇ ਜਿਸਦਾ ਹੱਥਾ ਕਿਸੇ ਸੱਤਾ ਦੇ ਹੱਥ ਵਿਚ ਹੋਵੇ, ਤਾਂ ਮਨੁੱਖ ਮਨੱਖ ਨਹੀਂ ਰਹਿੰਦਾ, ਸਿਆਸਤ ਦਾ 'ਮੋਹਰਾ' ਬਣ ਜਾਂਦਾ ਹੈ।

ਕਵੀ ਦੀਆਂ ਅਨੇਕ ਕਵਿਤਾਵਾਂ ਵਿਚ ਆਤਮ-ਚਿੰਤਨ ਵੀ ਮਹੱਤਵਪੂਰਨ ਖ਼ਾਸਾ ਹੈ। 'ਮੇਰਾ ਚਿੰਤਨ ਮੇਰਾ ਅਨੁਭਵ', 'ਕਲਮ ਦੀ ਨੋਕ 'ਤੇ', 'ਸ਼ਬਦਾਂ ਦਾ ਸਫ਼ਰ' ਅਤੇ 'ਕਵੀ ਦਾ ਕਾਵਿ-ਸੰਸਾਰ' ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਕਵੀ ਆਪਣੀ ਰਚਨਾ-ਪ੍ਰਕਿਰਿਆ ਬਾਰੇ ਵੀ ਸੋਚਦਾ ਹੈ। 'ਸ਼ਬਦਾਂ ਦਾ ਸਫ਼ਰ' ਵਿਚ ਉਹ ਕਹਿੰਦਾ ਹੈ :

ਕਵਿਤਾ ਸਿਰਫ਼ ਸੁਪਨਾ ਨਹੀਂ
ਸ਼ਬਦਾਂ ਦਾ ਜਾਲ-ਜੰਜਾਲ ਨਹੀਂ
ਇਹ ਸਵਾਲ ਉਠਾਉਂਦੀ ਹੈ
ਹੋ ਸਕੇ ਤਾਂ ਹੱਲ ਸੁਝਾਉਂਦੀ ਹੈ

ਇਹ ਕਵੀ ਦੇ ਕਾਵਿ-ਦਰਸ਼ਨ ਨੂੰ ਸਪਸ਼ਟ ਕਰਨ ਵਾਲ਼ੀ ਧਾਰਨਾ ਦਾ ਕੇਂਦਰੀ ਬਿਆਨ ਹੈ। ਏਥੇ ਕਵਿਤਾ ਜੀਵਨ ਤੋਂ ਵੱਖਰੀ ਕੋਈ ਅਮੂਰਤ ਕਲਾ ਨਹੀਂ, ਚੇਤਨਾ ਨੂੰ ਜਗਾਉਣ ਵਾਲੀ ਤਾਕਤ ਹੈ; ਮਨੋਰੰਜਨ ਨਹੀਂ, ਸਮਾਜਿਕ ਜ਼ਿੰਮੇਵਾਰੀ ਦਾ ਮਾਧਿਅਮ ਹੈ। ਕਵੀ ਸ਼ਬਦਾਂ ਨੂੰ ਜੀਵਨ ਨਾਲ਼ ਜੋੜਦਾ ਹੈ; ਕਵਿਤਾ ਨੂੰ ਲੋਕਾਂ ਦੀ ਆਵਾਜ਼, ਸਵਾਲ ਤੇ ਬਦਲਾਅ ਦੀ ਸੰਭਾਵਨਾ ਬਣਾਉਂਦਾ ਹੈ।

ਇਸ ਸੰਗ੍ਰਹਿ ਦੀ ਇਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਸਦੀ ਭਾਸ਼ਾਈ ਪ੍ਰਕਿਰਤੀ ਹੈ। ਕਵਿਤਾ ਦੀ ਭਾਸ਼ਾ ਨਾ ਤਾਂ ਗੁੰਝਲਦਾਰ ਹੈ, ਨਾ ਹੀ ਇਹ ਬੇਲੋੜੀ ਅਲੰਕਾਰਿਕਤਾ ਤੇ ਜਟਿਲਤਾ ਦਾ ਸਹਾਰਾ ਲੈਂਦੀ ਹੈ, ਸਗੋਂ ਬੇਹੱਦ ਸੰਜਮੀ, ਰਵਾਂ, ਮੁਹਾਵਰੇਦਾਰ, ਸੰਚਾਰਯੋਗ ਅਤੇ ਪੰਜਾਬੀ ਜੀਵਨ-ਅਨੁਭਵ ਨਾਲ਼ ਜੁੜੀ ਹੋਈ ਹੈ। ਇਹ ਭਾਸ਼ਾ ਮਾਂਜੀ-ਸਵਾਰੀ ਅਤੇ ਕੇਂਦਰੀ ਪੰਜਾਬੀ ਦੇ ਮੁਹਾਵਰੇ ਨੂੰ ਬਹੁਤ ਹੀ ਸੁੰਦਰਤਾ ਨਾਲ਼ ਪੇਸ਼ ਕਰਦੀ ਹੈ। ਕਵੀ ਦੁਆਰਾ ਵਰਤੇ ਗਏ 'ਮੂੰਹ-ਮੁਨ੍ਹੇਰੇ', 'ਘਰਾਲ਼ਾਂ', 'ਨਰੜਿਆ', 'ਅਛੋਪਲੇ' ਜਿਹੇ ਖ਼ਾਲਸ ਸ਼ਬਦ ਕਵਿਤਾ ਦੇ ਵੇਗ ਨੂੰ ਵਧਾਉਂਦੇ ਹਨ। ਇਸ ਭਾਸ਼ਾ ਰਾਹੀਂ ਕਵੀ ਆਪਣੀ ਵਿਚਾਰਿਕ ਪਹੁੰਚ ਬਹੁਤ ਵਿਆਪਕ ਬਣਾ ਲੈਂਦਾ ਹੈ। ਪਿੰਡ, ਪਰਵਾਸ, ਬਾਜ਼ਾਰ, ਜੰਗ, ਮਹਾਮਾਰੀ, ਕੁਦਰਤ, ਇਤਿਹਾਸ, ਮੌਤ ਅਤੇ ਕਵਿਤਾ—ਇਹ ਸਭ ਵਿਸ਼ੇ ਇਸ ਭਾਸ਼ਾ ਵਿਚ ਸੁਭਾਵਿਕ ਤੌਰ 'ਤੇ ਘੁਲ਼-ਮਿਲ਼ ਜਾਂਦੇ ਹਨ। ਅਜਿਹੇ ਸ਼ਬਦ ਪੰਜਾਬੀ ਭਾਸ਼ਾ ਦੀ

ਅਮੀਰੀ ਅਤੇ ਉਸਦੀ ਸਭਿਆਚਾਰਕ ਡੂੰਘਾਈ ਦੇ ਵਾਹਕ ਬਣਦੇ ਹਨ।

ਸਾਹਿਤਕ ਬਣਤਰ ਅਤੇ ਕਾਵਿ-ਸ਼ਿਲਪ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਨ੍ਹਾਂ ਕਵਿਤਾਵਾਂ ਦੀ ਤਾਕਤ ਇਨ੍ਹਾਂ ਦੇ ਬਿੰਬਾਂ, ਪ੍ਰਤੀਕਾਂ ਅਤੇ ਵਿਚਾਰਿਕ ਸਪਸ਼ਟਤਾ ਵਿਚ ਹੈ। ਕਵੀ ਲੋੜ ਅਨੁਸਾਰ ਛੋਟੀਆਂ, ਲੰਮੀਆਂ ਪੰਕਤੀਆਂ, ਮੁਕਤ ਛੰਦ, ਸੰਵਾਦਾਤਮਕ ਲਹਿਜ਼ੇ ਅਤੇ ਪ੍ਰਤੀਕਾਤਮਕ ਬਿੰਬਾਂ ਦੀ ਪ੍ਰਭਾਵਸ਼ਾਲੀ ਵਰਤੋਂ ਕਰਦਾ ਹੈ। ਕਵਿਤਾ ਬਿੰਬ-ਵਿਧਾਨ ਪੱਖੋਂ ਸਮ੍ਰਿਧ ਹੈ। 'ਰੁੱਖ', 'ਆਲ੍ਹਣਾ', 'ਪੰਛੀ', 'ਰਾਹ', 'ਸਫ਼ਰ', 'ਘਰ', 'ਯਾਦ', 'ਹਵਾ', 'ਟਟਹਿਣਾ', 'ਲਾਸ਼', 'ਬੁੱਤ', 'ਸਰਹੱਦ', 'ਤਾਬੂਤ', 'ਆਵਾਜ਼' ਅਤੇ 'ਰੌਸ਼ਨੀ' ਵਰਗੇ ਬਿੰਬ-ਪ੍ਰਤੀਕ ਵਾਰ-ਵਾਰ ਆਉਂਦੇ ਹਨ। ਇਹ ਦੁਹਰਾਅ ਕਮਜ਼ੋਰੀ ਨਹੀਂ, ਸਗੋਂ ਅੰਦਰੂਨੀ ਕਾਵਿਕ ਏਕਤਾ ਦੀ ਰਚਨਾ ਕਰਦਾ ਹੈ। ਇਨ੍ਹਾਂ ਬਿੰਬਾਂ ਰਾਹੀਂ ਸੰਗ੍ਰਹਿ ਆਪਣਾ ਇਕ ਅੰਦਰੂਨੀ ਸੰਸਾਰ ਸਿਰਜਦਾ ਹੈ ਜਿਸ ਵਿਚ ਹਰ ਕਵਿਤਾ ਦੂਜੀ ਕਵਿਤਾ ਨਾ਼ਲ ਸੰਵਾਦ ਕਰਦੀ ਮਹਿਸੂਸ ਹੁੰਦੀ ਹੈ।

ਰੂਪਕਾਂ ਤੇ ਪ੍ਰਤੀਕਾਂ ਦੀ ਚੋਣ ਬਹੁਤ ਸੁਭਾਵਿਕ ਹੈ। ਕਵੀ ਨੇ ਜੀਵਨ ਦੇ ਆਮ ਵਰਤਾਰਿਆਂ, ਜਿਵੇਂ ਕਿ ਦੁਕਾਨ ਦੀ ਸਫ਼ਾਈ, ਪਾਣੀ ਤਰੌਂਕਣਾ, ਵਹੀ ਖਾਤਾ, ਲਾਲੇ ਦੀ ਤੱਕੜੀ ਤੇ ਮੋਬਾਈਲ ਦੀ ਟਿਕ-ਟਿਕ ਰਾਹੀਂ ਸਮੇਂ ਦੇ ਬਦਲਦੇ ਸੁਭਾਅ ਅਤੇ ਰਿਸ਼ਤਿਆਂ ਦੇ ਮਸ਼ੀਨੀਕਰਨ ਨੂੰ ਬਹੁਤ ਖ਼ੂਬਸੂਰਤੀ ਨਾ਼ਲ ਪੇਸ਼ ਕੀਤਾ ਹੈ। 'ਟੁੱਟੇ ਸ਼ੀਸ਼ਿਆਂ ਵਾ਼ਲਾ ਐਨਕ ਦਾ ਫ਼੍ਰੇਮ', 'ਤਾਬੂਤ ਵਿਚ ਬੰਦ ਲਾਸ਼', 'ਚੋਂਦੀਆਂ ਤਿਰਪਾਲਾਂ', 'ਘੋਰ ਹਨੇਰੇ ਵਿਚ ਚਮਕਦਾ ਟਟਹਿਣਾ' ਜਿਹੇ ਬਿੰਬ ਅਤੇ 'ਸਵਾਹ ਵਾਂਗੂੰ ਹੂੰਝਣਾ', 'ਸੱਤਾ ਦੀ ਬਾਰੀਕ ਧੂੜ', 'ਬਰਫ਼ੀਲੀ ਸਰਹੱਦ', 'ਖ਼ੂਨ ਦੇ ਨਕਸ਼ੇ', 'ਸਾਹਾਂ ਦੀ ਰੱਸੀ', 'ਮੁੱਠੀ ਦੀ ਰੇਤ', 'ਚੁੱਲ੍ਹੇ ਦਾ ਧੂੰਆਂ', 'ਫ਼ਾਈਲਾਂ ਵਿਚ ਦਰਜ ਮਨੁੱਖ' ਜਿਹੇ ਪ੍ਰਤੀਕ, ਬਹੁਤ ਭਾਵਪੂਰਤ ਤੇ ਮੌਲਿਕ ਹੋਣ ਕਰਕੇ ਪਾਠਕ ਦੇ ਮਨ 'ਤੇ ਡੂੰਘਾ ਪ੍ਰਭਾਵ ਛੱਡਣ ਵਾ਼ਲੇ ਹਨ। ਇਹ ਪਾਠਕ ਦੇ ਅਨੁਭਵ ਦਾ ਹਿੱਸਾ ਬਣ ਕੇ ਉਸਨੂੰ ਕਵਿਤਾ ਦੇ ਨਾ਼ਲ ਇਕਮਿਕ ਕਰਦੇ ਹਨ। ਬਿਨਾਂ ਕਿਸੇ ਅਤਿ-ਅਲੰਕਾਰਿਕਤਾ ਦੇ ਡੂੰਘੀਆਂ ਗੱਲਾਂ ਕਹਿਣ ਵਾ਼ਲੇ ਇਹ ਬਿੰਬ, ਰੂਪਕ ਕਵਿਤਾਵਾਂ ਨੂੰ ਸਿਰਫ਼ ਅਰਥਾਤਮਕ ਨਹੀਂ, ਸੁਹਜਾਤਮਕ ਪੱਧਰ ਉੱਤੇ ਵੀ ਸਮ੍ਰਿੱਧ ਬਣਾਉਂਦੇ ਹਨ।

ਕਿਤੇ ਕਵੀ ਪ੍ਰਸ਼ਨ-ਵਿਧੀ ਦਾ ਸਹਾਰਾ ਲੈਂਦਾ ਹੈ, ਕਿਤੇ ਸੰਵਾਦ ਦਾ, ਕਿਤੇ ਪ੍ਰਤੀਕਾਂ ਦਾ ਅਤੇ ਕਈ ਥਾਵਾਂ ਸਿੱਧੇ ਬਿਆਨ ਦਾ। ਇਹ ਵਿਭਿੰਨਤਾ ਸੰਗ੍ਰਹਿ ਨੂੰ ਇਕਰਸ ਹੋਣ ਤੋਂ ਬਚਾਉਂਦੀ ਹੈ।

ਸਮੁੱਚੇ ਤੌਰ 'ਤੇ 'ਪੰਛੀ ਕਿਤੇ ਨਹੀਂ ਜਾਣਗੇ' ਕਾਵਿ-ਸੰਗ੍ਰਹਿ ਸਮਕਾਲੀ ਪੰਜਾਬੀ-ਕਵਿਤਾ ਵਿਚ ਇਕ ਅਜਿਹੀ ਆਮਦ ਹੈ ਜੋ ਆਪਣੇ ਸਮੇਂ ਦੇ ਮਹੱਤਵਪੂਰਨ ਸਮਾਜਿਕ, ਸਭਿਆਚਾਰਕ ਅਤੇ ਮਾਨਵੀ ਸਰੋਕਾਰਾਂ ਦੇ ਪ੍ਰਸ਼ਨਾਂ ਨਾ਼ਲ ਸੰਵਾਦ ਕਰਦੀ ਹੈ। ਸਮਕਾਲੀ ਪੰਜਾਬੀ-ਕਵਿਤਾ ਦੇ ਵਿਸਤ੍ਰਿਤ ਕਾਵਿ-ਪਰਿਪੇਖ ਵਿਚ ਇਹ ਰਚਨਾਤਮਕ ਕਾਵਿ-ਸੰਗ੍ਰਹਿ ਅਸਤਿਤਵਵਾਦੀ ਦਰਸ਼ਨ, ਸਮਾਜਿਕ ਸਰੋਕਾਰਾਂ, ਰਾਜਨੀਤਿਕ ਚੇਤਨਾ ਤੇ ਮਨੋਵਿਗਿਆਨਕ ਅੰਤਰ-ਦਵੰਦਾਂ ਦਾ ਬੇਹੱਦ ਜਟਿਲ ਪਰ ਪ੍ਰਮਾਣਿਕ ਸੁਮੇਲ ਪੇਸ਼ ਕਰਦਾ ਹੈ। ਡਾ. ਮੋਹਨ ਕੇਵਲ ਭਾਵਨਾਵਾਂ ਦੇ ਵੇਗ ਵਿਚ ਵਹਿ ਜਾਣ ਵਾ਼ਲਾ ਸ਼ਾਇਰ ਨਹੀਂ, ਬਲਕਿ ਵਕਤ ਦੇ ਨੰਗੇ ਸੱਚ ਨੂੰ ਵਿਚਾਰਧਾਰਿਕ ਪੀਢੇਪਨ ਨਾ਼ਲ ਫਰੋਲਣ ਵਾ਼ਲਾ ਚਿੰਤਕ

ਵੀ ਹੈ। ਇਸ ਸਮੁੱਚੀ ਸ਼ਾਇਰੀ ਦਾ ਮੁੱਖ ਧੁਰਾ ਮਨੁੱਖੀ ਹੋਂਦ ਦੇ ਉਸ ਦੁਖਾਂਤ ਦੁਆਲ਼ੇ ਘੁੰਮਦਾ ਹੈ, ਜਿੱਥੇ ਬਾਹਰੀ ਸਮਾਜਿਕ ਸੰਸਥਾਵਾਂ—ਜਿਵੇਂ ਧਰਮ, ਸੱਤਾ, ਬਾਜ਼ਾਰ ਅਤੇ ਪਿੱਤਰੀ-ਸੱਤਾਤਮਕ ਮਰਿਆਦਾਵਾਂ—ਵਿਅਕਤੀ ਦੀ ਮੌਲਿਕ ਆਵਾਜ਼ ਅਤੇ ਅੰਦਰੂਨੀ ਸੱਚ ਨੂੰ ਲਗਾਤਾਰ ਕੁਚਲਣ ਦਾ ਯਤਨ ਕਰਦੀਆਂ ਹਨ।

ਇਹ ਕਵਿਤਾਵਾਂ ਕਿਸੇ ਮਾਸੂਮ ਆਸ਼ਾਵਾਦ ਦੀਆਂ ਨਹੀਂ ਬਲਕਿ ਉਸ ਆਸ ਦੀਆਂ ਕਵਿਤਾਵਾਂ ਹਨ ਜੋ ਟੁੱਟਣ ਨੂੰ ਜਾਣਦੀ ਹੈ, ਵਿਛੋੜੇ ਨੂੰ ਸਮਝਦੀ ਹੈ, ਜੰਗਾਂ ਦਾ ਦਰਦ ਮਹਿਸੂਸ ਕਰਦੀ ਹੈ, ਮੌਤ ਦਾ ਸਾਹਮਣਾ ਕਰਦੀ ਹੈ ਅਤੇ ਫਿਰ ਵੀ ਮਨੁੱਖਤਾ ਦੇ ਪੱਖ ਵਿਚ ਖੜ੍ਹੀ ਰਹਿੰਦੀ ਹੈ। ਇਸ ਵਿਚ ਸਮਾਜਿਕ ਚੇਤਨਾ, ਮਾਨਵਤਾਵਾਦੀ ਸੋਚ ਅਤੇ ਕਲਾਤਮਕ ਸਹਿਜ ਦਾ ਅਨੂਠਾ ਸੁਮੇਲ ਹੈ। ਇਹ ਕਵਿਤਾਵਾਂ ਪਾਠਕ ਨੂੰ ਸੁਹਜਾਤਮਕ ਆਨੰਦ ਹੀ ਨਹੀਂ ਦੇਂਦੀਆਂ, ਸਗੋਂ ਆਪਣੇ ਆਲ਼ੇ-ਦੁਆਲ਼ੇ ਦੇ ਸਮਾਜ, ਰਾਜਨੀਤੀ ਤੇ ਆਪਣੀ ਹੋਂਦ ਬਾਰੇ ਗੰਭੀਰਤਾ ਨਾਲ਼ ਸੋਚਣ ਲਈ ਸਵਾਲ ਕਰਨ ਅਤੇ ਆਪਣੇ ਦੌਰ ਪ੍ਰਤਿ ਜ਼ਿੰਮੇਵਾਰ ਹੋਣ ਲਈ ਮਜਬੂਰ ਤੇ ਪ੍ਰੇਰਿਤ ਕਰਦੀਆਂ ਹਨ।

ਡਾਕਟਰ ਮੋਹਨ ਬੇਗੋਵਾਲ ਮਾਨਵੀ ਤੇ ਵਿਗਿਆਨਿਕ ਸੁਰ ਵਾਲ਼ਾ ਕਵੀ ਹੈ। ਉਹ ਗੌਰਮਿੰਟ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ ਕਮਿਊਨਿਟੀ ਮੈਡੀਸਨ ਵਿਭਾਗ ਦੇ ਮੁਖੀ ਦੇ ਤੌਰ ’ਤੇ ਸੇਵਾ-ਮੁਕਤ ਹੋਇਆ ਹੈ। ਸਿੱਧ ਹੈ ਕਿ ਉਹ ਵਿਗਿਆਨ ਦਾ ਵਿਦਿਆਰਥੀ ਤੇ ਅਧਿਆਪਕ ਰਿਹਾ ਹੈ। ਤਾਂ ਤੇ ਉਹਦੀਆਂ ਲਿਖਤਾਂ ਵਿਚ ਵਿਗਿਆਨਿਕ ਨਜ਼ਰੀਆ ਸ਼ਾਮਲ ਹੋਣਾ ਲਾਜ਼ਮੀ ਸੀ—ਸੋ ਸ਼ਾਮਲ ਹੈ।

ਡਾਕਟਰ/ਪ੍ਰੋਫ਼ੈਸਰ ਮੋਹਨ ਬੇਗੋਵਾਲ ਕੁਝ ਵੀ ਹੋਵੇ; ਸਾਡੀ ਦੋਸਤਾਂ ਦੀ ਢਾਣੀ ਲਈ ਕੇਵਲ ਡਾ. ਮੋਹਨ ਹੀ ਹੈ। ਪਿਆਰ ਦਾ ਭੁੱਖਾ ਤੇ ਗਿਆਨ ਦਾ ਪਿਆਸਾ; ਉਹ ਸਾਡੇ ਸਾਹਿਤਿਕ ਕਾਫ਼ਿਲੇ ਦਾ ਹਮਸਫ਼ਰ ਵੀ ਹੈ ਤੇ ਸਾਡਾ ਬਹੁਤ ਅਜ਼ੀਜ਼ ਵੀ ਹੈ। ਨਾ ਤਾਂ ਆਪ ਗ਼ੁੱਸਾ ਕਰਦਾ ਤੇ ਨਾ ਹੀ ਸਾਨੂੰ ਕਰਨ ਦੇਂਦਾ ਹੈ। ਮਿੱਤਰਾਂ ਦਾ ਕਿਹਾ ਵੀ ਨਹੀਂ ਮੋੜਦਾ ਤੇ ਮਜਬੂਰਨ ਮਿੱਤਰ ਵੀ ਉਹਦਾ ਕਿਹਾ ਨਹੀਂ ਮੋੜਦੇ। ਫਿਰ ਮੈਂ, ਉਹਦੇ ਕਾਵਿ-ਸੰਗ੍ਰਹਿ ਨੂੰ ਸੰਪਾਦਿਤ ਕਰਨ ਲਈ ਕੀਤੇ ਹੱਠ ਸਾਹਵੇਂ ਕਿਵੇਂ ਨਾ ਹਾਰਦਾ?

ਖ਼ੈਰ, ਖਰੜੇ ਨੂੰ ਅੰਤਿਮ ਰੂਪ ਅਸਾਂ ਲੰਮੀਆਂ, ਡੂੰਘੀਆਂ ਤੇ ਗਹਿਰ-ਗੰਭੀਰ ਵਿਚਾਰਾਂ ਨਾਲ਼ ਦਿੱਤਾ। ਖਰੜਾ ਪੜ੍ਹਦਿਆਂ-ਸੋਧਦਿਆਂ ਕਈ ਭੁੱਲੇ-ਵਿਸਰੇ, ਨਵੇਂ ਸ਼ਬਦਾਂ ਤੇ ਸੰਕਲਪਾਂ ਨਾਲ਼ ਮੁਲਾਕਾਤਾਂ ਹੋਈਆਂ। ਉਹਨਾਂ ਮੁਲਾਕਾਤਾਂ ਦਾ ਸਿੱਟਾ ਹੈ ਕਿ ਅਸੀਂ ਇਸ ਤਸੱਲੀ ਭਰੇ ਮੁਕਾਮ ’ਤੇ ਪਹੁੰਚੇ ਹਾਂ; ਜਿਸਦਾ ਨਾਮ ਹੈ—ਪੰਛੀ ਕਿਤੇ ਨਹੀਂ ਜਾਣਗੇ।

‘ਪੰਛੀ ਕਿਤੇ ਨਹੀਂ ਜਾਣਗੇ’ ਕਾਵਿ-ਸੰਗ੍ਰਹਿ ਸਮਕਾਲੀ ਪੰਜਾਬੀ ਕਵਿਤਾ ਵਿਚ ਇਕ ਮਹੱਤਵਪੂਰਨ ਸਿਰਜਨਾਤਮਕ ਹਾਜ਼ਰੀ ਲਵਾਉਂਦਾ ਹੈ, ਜਿਸਦੀ ਸਿਰਜਨਾਤਮਕ ਤਸਦੀਕ ਪ੍ਰਬੁੱਧ ਪਾਠਕ ਜ਼ਰੂਰ ਕਰਨਗੇ—ਮੇਰਾ ਵਿਸ਼ਵਾਸ ਹੈ।

- ਸਰਬਜੀਤ ਸਿੰਘ ਸੰਧੂ

# ਮੇਰੀ ਕਵਿਤਾ ਦਾ ਸਫ਼ਰ

ਮੇਰੇ ਕਾਵਿ-ਸਫ਼ਰ ਦਾ ਆਗ਼ਾਜ਼ ਉਦੋਂ ਹੋਇਆ, ਜਦੋਂ ਮੇਰੀਆਂ ਦੋ ਕਾਵਿ-ਰਚਨਾਵਾਂ ਨੂੰ 'ਪ੍ਰਵੇਸ਼' ਨਾਂ ਦੇ ਸਾਂਝੇ ਕਾਵਿ-ਸੰਗ੍ਰਹਿ ਵਿਚ ਸ਼ਾਮਿਲ ਹੋਣ ਦਾ ਮਾਣ ਮਿਲਿਆ। ਇਹ ਮੇਰੀ ਸਿਰਜਨਾਤਮਕਤਾ ਦਾ ਪਹਿਲਾ ਰਸਮੀ ਪੜਾਅ ਸੀ। ਇਸ ਤੋਂ ਬਾਅਦ ਮੇਰਾ ਰੁਝਾਨ ਗ਼ਜ਼ਲ ਸਿਨਫ਼ ਵਲ ਹੋ ਗਿਆ, ਜਦਕਿ ਛੰਦ-ਮੁਕਤ (ਖੁੱਲ੍ਹੀ) ਕਵਿਤਾ ਵਲ ਮੇਰੀ ਪਹੁੰਚ ਦਾ ਸਫ਼ਰ ਬਹੁਤਾ ਪੁਰਾਣਾ ਨਹੀਂ ਹੈ।

ਸਾਹਿਤਿਕ ਜਗਤ ਵਿਚ ਆਮ ਤੌਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਨਵੇਂ ਲਿਖਾਰੀ ਪਹਿਲਾਂ ਖੁੱਲ੍ਹੀ ਕਵਿਤਾ ਤੋਂ ਸ਼ੁਰੂਆਤ ਕਰਦੇ ਹਨ ਅਤੇ ਫਿਰ ਹੌਲ਼ੀ-ਹੌਲ਼ੀ ਗ਼ਜ਼ਲ ਜਾਂ ਛੰਦਬੱਧ ਕਵਿਤਾ ਦੇ ਅਨੁਸ਼ਾਸਨ ਵਲ ਵੱਧਦੇ ਹਨ। ਪਰ ਮੇਰਾ ਇਹ ਸਫ਼ਰ ਇਸਦੇ ਬਿਲਕੁਲ ਉਲਟ ਅਤੇ ਕਾਫ਼ੀ ਦਿਲਚਸਪ ਰਿਹਾ ਹੈ। ਗ਼ਜ਼ਲ ਵਰਗੀ ਬੇਹੱਦ ਅਨੁਸ਼ਾਸਿਤ, ਬਹਿਰ ਅਤੇ ਵਜ਼ਨ-ਤੋਲ ਵਾਲੀ ਵਿਧਾ ਵਿਚ ਨਿਰੰਤਰ ਅਭਿਆਸ ਕਰਨ ਅਤੇ ਇਸਨੂੰ ਕਿਤਾਬੀ ਰੂਪ ਦੇਣ ਸਦਕਾ, ਮੇਰੇ ਅੰਦਰ ਸ਼ਬਦਾਂ ਦੀ ਢੁੱਕਵੀਂ ਚੋਣ ਅਤੇ ਸੰਖੇਪਤਾ ਵਿਚ ਵੱਡੀ ਗੱਲ ਕਹਿਣ ਦਾ ਕੁਦਰਤੀ ਹੁਨਰ ਪੈਦਾ ਹੋ ਗਿਆ। ਗ਼ਜ਼ਲ ਦੇ ਇਸੇ ਸਖ਼ਤ ਅਨੁਸ਼ਾਸਨ ਨੇ ਮੈਨੂੰ ਖੁੱਲ੍ਹੀ ਕਵਿਤਾ ਲਿਖਣ ਵੇਲ਼ੇ ਬੇਲੋੜੇ ਫੈਲਾਉ ਤੋਂ ਬਚਾਇਆ ਹੈ ਅਤੇ ਮੇਰੀ ਸੋਚ ਨੂੰ ਇਕ ਸੰਘਣੀ ਸੰਖੇਪਤਾ ਬਖ਼ਸ਼ੀ ਹੈ।

ਮੇਰੀ ਲੇਖਣੀ ਮੇਰੇ ਅੰਦਰੂਨੀ ਵਿਰੋਧਾਭਾਸਾਂ ਅਤੇ ਸੰਵੇਦਨਾਵਾਂ ਦਾ ਹੀ ਪ੍ਰਤਿਬਿੰਬ ਹੈ। ਇਕ ਪਾਸੇ ਜਿੱਥੇ ਵਕਤ ਦੇ ਨਾਲ਼ ਅੰਦਰੂਨੀ ਤੇ ਬਾਹਰੀ ਸੰਘਰਸ਼ਾਂ ਕਾਰਨ ਮੇਰਾ ਸੁਭਾਅ ਖੁੱਲ੍ਹੇ ਅਤੇ ਪ੍ਰਗਤੀਸ਼ੀਲ ਵਿਚਾਰਾਂ ਵਾਲ਼ਾ ਹੋਇਆ, ਉੱਥੇ ਹੀ ਦੂਜੇ ਪਾਸੇ ਇਕ 'ਸੋਸ਼ਲ ਡਾਕਟਰ' (ਸਮਾਜਿਕ ਚਿਕਿਤਸਕ) ਵਜੋਂ ਮੇਰਾ ਸਰੋਕਾਰ ਹਮੇਸ਼ਾਂ ਪੀੜਿਤ, ਲਤਾੜੀ ਅਤੇ ਹਾਸ਼ੀਏ 'ਤੇ ਧੱਕੀ ਹੋਈ ਮਨੁੱਖਤਾ ਨਾਲ਼ ਰਿਹਾ ਹੈ। ਮੈਂ ਵਕਤ ਦੀਆਂ ਤਲਖ਼ ਹਕੀਕਤਾਂ ਤੋਂ ਛੇਤੀ ਕਿਤੇ ਖਹਿੜਾ ਨਹੀਂ ਛੁਡਾ ਸਕਦਾ, ਅਤੇ ਸ਼ਾਇਦ ਇਸੇ ਕਾਰਨ ਮੈਂ ਆਪਣੇ ਮਨ-ਇੱਛਿਤ ਸੰਸਾਰ ਨੂੰ ਕਵਿਤਾ ਦੇ ਰੂਪ ਵਿਚ ਸਿਰਜਣ ਦੀ ਕੋਸ਼ਿਸ਼ ਕਰਦਾ ਹਾਂ। ਕਵਿਤਾ, ਅਨੁਭਵ ਦੇ ਸਫ਼ਰ ਦੌਰਾਨ ਪੈਦਾ ਹੋਣ ਵਾਲੀਆਂ ਪਰਿਸਥਿਤੀਆਂ ਅਤੇ ਤਣਾਅ-ਗ੍ਰਸਤ ਸਮੇਂ ਦੀ ਹੀ ਪੈਦਾਵਾਰ ਹੁੰਦੀ ਹੈ। ਅਕਸਰ ਮਨ ਵਿਚ ਹਰ ਵੇਦਨਾ ਅਤੇ ਵਿਚਾਰ ਨੂੰ ਪ੍ਰਗਟਾਉਣ ਦੀ ਇਕ ਕਾਹਲ਼ ਹੁੰਦੀ ਹੈ, ਜਿਸ ਵਿਚ ਅਹਿਸਾਸਾਂ ਦੇ ਆਉਣ-ਜਾਣ ਦਾ ਇਕ ਨਿਰੰਤਰ ਵੇਗ ਚੱਲਦਾ ਰਹਿੰਦਾ ਹੈ।

ਸਮੇਂ ਦੇ ਨਾਲ਼ ਸੋਚ ਵਿਚ ਆਈ ਵਿਚਾਰਧਾਰਿਕ ਤਬਦੀਲੀ ਨੇ ਮੇਰੀ ਲੇਖਣੀ ਦੇ ਕੈਨਵਸ ਨੂੰ ਹੋਰ ਵਿਸ਼ਾਲ ਕੀਤਾ ਹੈ, ਜਿਸ ਨਾਲ਼ ਮੇਰੀਆਂ ਕਾਵਿ-ਰਚਨਾਵਾਂ ਵਿਚ ਦੁਨਿਆਵੀ ਅਤੇ ਸਮਾਜਿਕ ਰੰਗ ਵਧੇਰੇ ਗੂੜ੍ਹੇ ਤੇ ਉੱਭਰ ਕੇ ਸਾਹਮਣੇ ਆਉਣ ਲੱਗੇ ਹਨ। ਇਸ ਦੌਰਾਨ ਮੈਨੂੰ ਕੁਝ ਪ੍ਰਗਤੀਸ਼ੀਲ ਕਿਤਾਬਾਂ ਤੇ ਮੈਗਜ਼ੀਨ ਪੜ੍ਹਨ ਅਤੇ ਉਨ੍ਹਾਂ ਦਾ ਗੰਭੀਰ ਅਧਿਐਨ ਕਰਨ ਦਾ ਮੌਕਾ ਮਿਲਿਆ। ਮੇਰੇ ਇਸ ਸਾਹਿਤਿਕ ਸਫ਼ਰ ਦੇ ਸ਼ੁਰੂਆਤੀ ਸਾਲਾਂ ਵਿਚ ਮਨ ਅੰਦਰ ਅਨੇਕਾਂ ਬੌਧਿਕ ਵਿਚਾਰਾਂ ਦੀਆਂ ਲਹਿਰਾਂ ਉੱਠਦੀਆਂ

ਰਹੀਆਂ, ਜਿਨ੍ਹਾਂ ਨੇ ਮੇਰੀ ਕਲਮ ਨੂੰ ਹੁਲਾਰਾ ਦਿੱਤਾ। ਇਸ ਦੇ ਨਾਲ਼ ਹੀ 'ਸਾਹਿਤ ਸਭਾ ਛੇਹਰਟਾ', ਗੜ੍ਹਸ਼ੰਕਰ ਨਾਲ਼ ਸਬੰਧਿਤ ਸਾਹਿਤਕ ਮੰਚ ਅਤੇ 'ਪੰਜਾਬੀ ਸਾਹਿਤ ਸੰਗਮ, ਅੰਮ੍ਰਿਤਸਰ' ਨਾਲ਼ ਜੁੜੇ ਸੂਝਵਾਨ ਲੇਖਕਾਂ ਨੇ ਮੇਰੀ ਸੋਚ ਨੂੰ ਨਵੇਂ ਦਿਸਹੱਦੇ ਬਖ਼ਸ਼ੇ। ਮੇਰੀ ਕਵਿਤਾ, ਮੇਰੇ ਆਲ਼ੇ-ਦੁਆਲ਼ੇ ਦੇ ਸਮਾਜਿਕ, ਆਰਥਿਕ ਤੇ ਸਭਿਆਚਾਰਕ ਵਾਤਾਵਰਨ ਵਿਚੋਂ ਪੈਦਾ ਹੋਈ ਇਕ ਜਿਊਂਦੀ-ਜਾਗਦੀ ਚੇਤਨਾ ਹੈ। ਇਸੇ ਨਿਰੰਤਰ ਚਿੰਤਨ ਨੇ ਮੇਰੇ ਅੰਦਰਲੇ ਸਕਾਰਾਤਮਕ, ਤਾਰਕਿਕ ਅਤੇ ਵਿਗਿਆਨਿਕ ਪੱਖ ਨੂੰ ਹੋਰ ਮਜ਼ਬੂਤ ਕੀਤਾ, ਜੋ ਅੱਜ ਮੇਰੀ ਕਵਿਤਾ ਦਾ ਮੁੱਖ ਦਾਰਸ਼ਨਿਕ ਆਧਾਰ ਹੈ।

ਖੁੱਲ੍ਹੀ (ਛੰਦ-ਮੁਕਤ) ਕਵਿਤਾ ਲਿਖਦਿਆਂ ਮੈਨੂੰ ਇਹ ਬਾਰੀਕ ਸੂਹਜ-ਅਹਿਸਾਸ ਹੋਇਆ ਕਿ ਛੰਦ-ਮੁਕਤ ਹੋਣ ਦਾ ਮਤਲਬ ਸਾਧਾਰਨ ਵਾਰਤਕ ਦੀਆਂ ਸਤਰਾਂ ਨੂੰ ਸਿਰਫ਼ ਤੋੜ-ਮਰੋੜ ਕੇ ਲਿਖ ਦੇਣਾ ਨਹੀਂ ਹੈ। ਖੁੱਲ੍ਹੀ ਕਵਿਤਾ ਦੀ ਆਪਣੀ ਵਿਆਕਰਨ ਤੇ ਇਕ ਵਿਲੱਖਣ ਸਿਰਜਨਾਤਮਕ ਬਣਾਵਟ ਹੁੰਦੀ ਹੈ। ਭਾਵੇਂ ਇਹ ਪਿੰਗਲ ਦੇ ਬਾਹਰੀ ਨਿਯਮਾਂ ਤੋਂ ਮੁਕਤ ਹੁੰਦੀ ਹੈ, ਪਰੰਤੂ ਇਹ ਆਪਣੇ ਅੰਦਰਲੇ ਅਨੁਭਵ ਦੀ 'ਅੰਦਰੂਨੀ ਲੈਅ' ਅਤੇ ਸੰਗੀਤ ਤੋਂ ਕਦੇ ਮੁਕਤ ਨਹੀਂ ਹੋ ਸਕਦੀ। ਇਹ ਸ਼ੁਰੂਆਤ ਵਿਚ ਇਕ-ਪਾਸੜ ਸੰਵਾਦ ਜਾਂ ਸਵੈ-ਭਾਸ਼ਣ ਜਾਪਦੀ ਹੈ, ਪਰ ਜਦੋਂ ਕੋਈ ਸੰਵੇਦਨਸ਼ੀਲ ਪਾਠਕ ਇਸਨੂੰ ਪੜ੍ਹਦਾ ਹੈ, ਤਾਂ ਇਹ ਉਸ ਦੇ ਮਨ ਅੰਦਰ ਇਕ ਨਵਾਂ ਬਹੁ-ਪੱਖੀ ਸੰਵਾਦ (Dialogue) ਛੇੜ ਦਿੰਦੀ ਹੈ। ਪਾਠਕ ਸਿਰਫ਼ ਸਰੋਤਾ ਨਹੀਂ ਰਹਿੰਦਾ, ਸਗੋਂ ਖ਼ੁਦ ਉਸ ਕਵਿਤਾ ਦੀ ਸਿਰਜਣ-ਪ੍ਰਕਿਰਿਆ ਦਾ ਇਕ ਸਰਗਰਮ ਹਿੱਸਾ ਬਣ ਜਾਂਦਾ ਹੈ।

ਅਜੋਕੇ ਦੌਰ ਦੇ ਗੁੰਝਲਦਾਰ ਅਤੇ ਤਣਾਅਪੂਰਨ ਜੀਵਨ ਨੂੰ ਚਿਤਰਨ ਲਈ ਖੁੱਲ੍ਹੀ ਕਵਿਤਾ ਮੈਨੂੰ ਸਭ ਤੋਂ ਉੱਤਮ, ਲਚਕੀਲਾ ਅਤੇ ਸਾਰਥਕ ਮਾਧਿਅਮ ਲੱਗੀ ਹੈ। ਅੱਜ ਦਾ ਮਨੁੱਖ ਜਿਸ ਤਰ੍ਹਾਂ ਦੇ ਆਰਥਿਕ, ਰਾਜਨੀਤਿਕ, ਮਾਨਸਿਕ ਅਤੇ ਸਭਿਆਚਾਰਕ ਦਬਾਵਾਂ ਵਿਚੋਂ ਲੰਘ ਰਿਹਾ ਹੈ, ਉਸਦੀਆਂ ਗੁੰਝਲਦਾਰ ਪਰਿਥਿਤੀਆਂ ਨੂੰ ਛੰਦਾਂ ਦੇ ਪਰੰਪਰਾਗਤ ਤੇ ਸੀਮਿਤ ਚੌਖਟੇ ਵਿਚ ਫਿੱਟ ਕਰਨਾ ਨਾਮੁਮਕਿਨ ਲਗਦਾ ਹੈ। ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੇ ਮੋਢੀ ਪ੍ਰੋ. ਪੂਰਨ ਸਿੰਘ ਨੇ ਬਿਲਕੁਲ ਸੱਚ ਕਿਹਾ ਸੀ ਕਿ ਖੁੱਲ੍ਹੀ ਕਵਿਤਾ "ਸਵੈ-ਛੰਦ ਰੂਹਾਂ ਦੇ ਵੇਗ" ਵਰਗੀ ਹੁੰਦੀ ਹੈ, ਜਿਸ ਨੂੰ ਕਿਸੇ ਪਰੰਪਰਾਗਤ ਵਾੜ ਵਿਚ ਕੈਦ ਨਹੀਂ ਕੀਤਾ ਜਾ ਸਕਦਾ।

ਇਸ ਕਾਵਿ-ਸੰਗ੍ਰਹਿ ਦੀਆਂ ਰਚਨਾਵਾਂ ਮੇਰੇ ਕੇਵਲ 'ਨਿੱਜ ਤੋਂ 'ਪਰ' ਤਕ ਦੇ ਸਫ਼ਰ ਨੂੰ ਹੀ ਪੂਰਾ ਨਹੀਂ ਕਰਦੀਆਂ, ਸਗੋਂ ਵਿਆਪਕ ਸਮਾਜਿਕ ਸਰੋਕਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਹਨ।

ਇਸ ਪੂਰੇ ਸਫ਼ਰ ਦੇ ਪਿਛੋਕੜ ਵਿਚ ਜਿੱਥੇ ਮੇਰੇ ਬਾਪੂ ਦੀ ਕਿਰਤ-ਕਮਾਈ ਅਤੇ ਮਾਂ ਦੇ ਪਿਆਰ ਤੇ ਸਲੀਕੇ ਪ੍ਰਤਿ ਮੇਰਾ ਸਭ ਤੋਂ ਉੱਚਾ ਸਤਿਕਾਰ ਹੈ, ਉੱਥੇ ਹੀ ਸਾਡੇ ਭਵਿੱਖ ਅਤੇ ਨਵੀਂ ਪੀੜ੍ਹੀ ਦੇ ਰੂਪ ਵਿਚ ਮੇਰੇ ਦੋਹਤੇ 'ਅਬੀਰ' ਦੀ ਮਾਸੂਮੀਅਤ ਵੀ ਸ਼ਾਮਲ ਹੈ। ਇਨ੍ਹਾਂ ਕਵਿਤਾਵਾਂ ਵਿਚ ਮੇਰੀ ਜੀਵਨ-ਸਾਥਣ ਦੀ ਉਹ ਚੁੱਪ ਵੀ ਗੂੰਜਦੀ ਹੈ, ਜਿਸ ਨੇ ਮੈਨੂੰ ਬਹੁਤ ਕੁਝ ਸਿਖਾਇਆ ਹੈ। ਉਸ ਦੇ ਸੰਗ ਰਹਿ ਕੇ ਮੈਂ ਖਿਲਰੀ ਮਿੱਟੀ ਤੋਂ ਇਕ ਅਨੁਸ਼ਾਸਿਤ ਬੁੱਤ ਬਣਿਆ ਹਾਂ; ਇੱਥੋਂ ਤਕ ਕਿ ਕਦੇ-ਕਦਾਈ ਸਾਡੇ ਰਿਸ਼ਤੇ ਦੇ ਤਣਾਅ ਨੇ

ਵੀ ਜੀਵਨ ਨੂੰ ਸਾਰਥਿਕ ਮੋੜ ਦੇਣ ਵਿਚ ਸਹਾਇਤਾ ਕੀਤੀ ਹੈ। ਸਾਡੇ ਤਿੰਨ ਦਹਾਕਿਆਂ ਤੋਂ ਵੱਧ, ਇਸ ਸਫ਼ਰ ਦੌਰਾਨ ਜੋ ਕੁਝ ਵਾਪਰਿਆ, ਉਸ ਨੇ ਮੈਨੂੰ ਸਿਰੜ ਅਤੇ ਦ੍ਰਿੜਤਾ ਨਾਲ਼ ਜਿਊਣਾ ਸਿਖਾਇਆ।

ਦੂਜੇ ਪਾਸੇ, ਮੇਰੀਆਂ ਧੀਆਂ ਦੀ ਨਵੀਂ ਸੋਚ ਅਤੇ ਅਜੋਕੇ ਬਾਜ਼ਾਰਵਾਦ ਦੇ ਪ੍ਰਭਾਵ ਦਾ ਜਦੋਂ ਸਾਡੀ ਪੁਰਾਣੀ ਜਗੀਰੂ ਸੋਚ ਨਾਲ਼ ਟਕਰਾਅ ਹੋਇਆ ਤਾਂ ਪੀੜ੍ਹੀਆਂ ਦੇ ਪਾੜੇ ਕਾਰਨ ਕਈ ਸਹਿਮਤੀਆਂ ਤੇ ਅਸਹਿਮਤੀਆਂ ਪੈਦਾ ਹੋਈਆਂ। ਪਰ ਜੀਵਨ ਦੀ ਤੋਰ ਇਨ੍ਹਾਂ ਸਭ ਨੂੰ ਨਾਲ਼ ਲੈ ਕੇ ਹੀ ਚੱਲਦੀ ਹੈ। ਕੁਝ ਪੁਰਾਣੇ ਖ਼ਿਆਲ ਛੱਡ ਕੇ ਨਵੇਂ ਵਿਚਾਰ ਅਪਣਾਉਣ ਦੀ ਇਹੀ ਜਦੋ-ਜਹਿਦ ਮੇਰੀ ਸ਼ਾਇਰੀ ਵਿਚ ਵੀ ਝਲਕਦੀ ਹੈ। ਮੈਂ ਆਪਣੇ ਪਰਿਵਾਰ ਦੇ ਉਨ੍ਹਾਂ ਸਾਰੇ ਜੀਆਂ ਨੂੰ ਸ਼ਰਧਾ ਨਾਲ਼ ਯਾਦ ਕਰਦਾ ਹਾਂ, ਜਿਨ੍ਹਾਂ ਦੇ ਚੰਗੇ-ਮਾੜੇ ਵਿਚਾਰਾਂ-ਵਿਹਾਰਾਂ ਨੇ ਮੇਰੀ ਸੋਚ ਨੂੰ ਮਾਂਜਿਆ ਅਤੇ ਮੈਨੂੰ ਇਸ ਯੋਗ ਬਣਾਇਆ। ਮੇਰੇ ਅੰਦਰਲੇ ਮਨ ਅਤੇ ਬਾਹਰੀ ਸਮਾਜ ਦੇ ਇਸੇ ਦਵੰਦ ਨੇ ਮੇਰੀ ਪੁਰਾਣੀ ਸੋਚ ਨੂੰ ਬਦਲ ਦਿੱਤਾ ਹੈ ਅਤੇ ਹੁਣ ਇਹ ਨਵੇਂ ਤੇ ਮੌਲਿਕ ਵਿਚਾਰ ਹੀ ਮੇਰੇ ਅਗਲੇ ਸਫ਼ਰ ਦੇ ਰਾਹ-ਦਸੇਰਾ ਬਣਨਗੇ।

ਮੇਰੀ ਇਸ ਸਾਹਿਤਿਕ ਯਾਤਰਾ ਵਿਚ ਕੁਝ ਅਨੁਭਵੀ ਕਵੀਆਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਨਾਲ਼ ਰਚੇ ਬੌਧਿਕ ਸੰਵਾਦ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਹੈ; ਜਿਨ੍ਹਾਂ ਵਿਚ ਨਵਤੇਜ ਗੜ੍ਹਦੀਵਾਲਾ, ਮਦਨ ਵੀਰਾ, ਸ਼ਿਵ ਕੁਮਾਰ ਬਟਾਲਵੀ ਅਤੇ ਪਾਸ਼ ਦਾ ਕਾਵਿ-ਸੰਸਾਰ ਤੇ ਹੋਰ ਮੇਰੀ ਤੇ ਪੁਰਾਣੀ ਪੀੜ੍ਹੀ ਦੇ ਕਵੀ ਹਨ। 'ਰਾਬਤਾ-ਮੁਕਾਲਮਾ ਕਾਵਿ-ਮੰਚ, ਅੰਮ੍ਰਿਤਸਰ' ਦੇ ਸਾਥੀ ਵੀ ਇਸ ਵਿਚ ਸ਼ਾਮਲ ਹਨ। ਸਾਡੇ ਇਸ ਕਾਵਿ-ਮੰਚ ਦੇ ਸੁਹਿਰਦ ਲੇਖਕਾਂ—ਜਗਤਾਰ ਗਿੱਲ, ਹਰਜੀਤ ਸਿੰਘ ਸੰਧੂ, ਮਲਵਿੰਦਰ, ਡਾਕਟਰ ਭੁਪਿੰਦਰ ਸਿੰਘ ਫੇਰੂਮਾਨ, ਬਲਜਿੰਦਰ ਮਾਂਗਟ, ਜਸਵੰਤ ਧਾਪ, ਸਤਿੰਦਰ ਸਿੰਘ ਓਠੀ ਤੇ ਸਰਬਜੀਤ ਸਿੰਘ ਸੰਧੂ ਹੋਰਾਂ ਨਾਲ਼ ਕਾਵਿ-ਮੰਚ ਦੀਆਂ ਮੀਟਿੰਗਾਂ ਦੌਰਾਨ ਹੋਈਆਂ ਗੰਭੀਰ ਵਿਚਾਰ-ਚਰਚਾਵਾਂ ਸਦਕਾ ਮੇਰੀ ਲਿਖਤ ਵਿਚ ਹੋਰ ਨਿਖਾਰ ਆਇਆ ਹੈ। ਇਸ ਕਾਵਿ-ਸੰਗ੍ਰਹਿ ਦੇ ਸੰਪਾਦਕ ਸਰਬਜੀਤ ਸਿੰਘ ਸੰਧੂ ਜੀ ਨੇ ਮੈਨੂੰ ਇਹ ਬਾਰੀਕੀ ਸਿਖਾਈ ਕਿ ਕੋਰੀ ਸੋਚ ਨੂੰ ਕਵਿਤਾ ਦੀ ਕਲਾਤਮਕ ਵੰਨਗੀ ਵਿਚ ਕਿੰਜ ਢਾਲ਼ਿਆ ਜਾਂਦਾ ਹੈ। ਮੈਂ ਇਨ੍ਹਾਂ ਸਾਰੇ ਸਾਥੀਆਂ ਅਤੇ ਮੇਰੇ ਜੀਵਨ ਦੇ ਇਸ ਜਜ਼ਬਾਤੀ ਤੇ ਬੌਧਿਕ ਸਫ਼ਰ ਵਿਚ ਮੇਰੀ ਕਲਮ ਨੂੰ ਸੁਆਰਨ ਵਾਲੇ ਹਰ ਇਕ ਸ਼ਖ਼ਸ ਦਾ ਦਿਲ ਦੀਆਂ ਗਹਿਰਾਈਆਂ ਵਿਚੋਂ ਧੰਨਵਾਦ ਕਰਦਾ ਹਾਂ।

ਮੇਰੀ ਇਹ ਸ਼ਾਇਰੀ ਮੇਰੇ ਪਿਛਲੇ ਕੁਝ ਵਰ੍ਹਿਆਂ ਦੇ ਨਿੱਜੀ ਤਜਰਬਿਆਂ, ਸਮਾਜਿਕ ਅਨੁਭਵਾਂ ਅਤੇ ਵਿਚਾਰਕ ਪਰਿਪੱਕਤਾ ਦਾ ਨਿਚੋੜ ਹੈ। ਮੈਨੂੰ ਪੂਰਨ ਉਮੀਦ ਹੈ ਕਿ ਮੇਰੇ ਅਹਿਸਾਸਾਂ ਦੀ ਇਹ ਆਵਾਜ਼ ਯਕੀਨਨ ਪਾਠਕਾਂ ਦੇ ਦਿਲਾਂ ਤਕ ਰਸਾਈ ਕਰੇਗੀ ਅਤੇ ਉਨ੍ਹਾਂ ਨੂੰ ਇਕ ਨਵੇਂ, ਤਾਰਕਿਕ ਧਰਾਤਲ 'ਤੇ ਸੋਚਣ ਲਈ ਪ੍ਰੇਰਿਤ ਕਰੇਗੀ।

- ਡਾ. ਮੋਹਨ ਬੇਗੋਵਾਲ

## ਖ਼ਲਾਅ ਦੇ ਅੰਦਰੋਂ

ਖ਼ਲਾਅ ਦੇ ਅੰਦਰੋਂ
ਆਵਾਜ਼ਾਂ ਉਂਜ ਹੀ ਪੈਦਾ ਨਹੀਂ ਹੁੰਦੀਆਂ
ਹਰ ਧੁਨੀ ਦੇ ਪਿੱਛੇ
ਸੱਚ ਹੁੰਦਾ ਹੈ ਕਿਸੇ ਅੰਦਰਲੇ ਕੰਪਨ ਦਾ

ਨਾ ਹੀ ਹਰ ਆਵਾਜ਼
ਹਰੇਕ ਲਈ ਹੁੰਦੀ ਹੈ ਸਾਰਥਿਕ
ਕੁਝ ਹੱਕ ਵਿਚ ਉੱਠਦੀਆਂ ਨੇ
ਕੁਝ ਵਿਰੋਧ ਵਿਚ

ਇਹ ਟਕਰਾਅ...
ਮਨੁੱਖ ਦੇ ਅੰਦਰ ਹੀ ਨਹੀਂ
ਬਾਹਰ ਵੀ ਵਾਪਰਦਾ ਹੈ
ਵਕਤ ਦੇ ਚਿਹਰੇ ’ਤੇ
ਦੀਵਾਰਾਂ ਦੀਆਂ ਦਰਾਰਾਂ ਵਿਚ
ਤੇ ਚੁੱਪ ਦੀਆਂ ਗੂੜ੍ਹੀਆਂ ਤਹਿਆਂ ਹੇਠ ਵੀ

ਮਹੱਤਵਪੂਰਨ ਹੈ ਕਿ
ਕਿਸ ਆਵਾਜ਼ ਨੇ ਕੀ ਕਿਹਾ
ਕਿਵੇਂ ਕਿਹਾ
ਕਿਉਂ ਕਿਹਾ
ਤੇ ਕਦੋਂ ਕਿਹਾ

ਆਵਾਜ਼ ਦੀ ਸਾਰਥਿਕਤਾ ਹੀ
ਤਬਦੀਲੀ ਦਾ ਬਣਦੀ ਹੈ ਅਸਲ ਸਬੱਬ
ਪਰ ਇਸ ਸਭ ਤੋਂ ਵੱਧ
ਲਾਜ਼ਮੀ ਹੈ ਇਹ ਜਾਣਨਾ
ਕਿ ਉਹ ਆਵਾਜ਼
ਦਰ-ਹਕੀਕਤ ਕਿਸ ਦੀ ਹੈ
ਕਿਸੇ ਡੂੰਘੇ ਸੱਚ ਦੀ
ਜਾਂ ਸਿਰਫ਼ ਵਕਤੀ ਸ਼ੋਰ ਦੀ?

❉❉❉

## ਦੌੜਦੀ ਚੁੱਪ

ਸੜਕ ਦੌੜਦੀ ਹੈ
ਪੇਟ ਦੀ ਭੁੱਖ ਨਾਲ਼

ਅੱਠਵੀਂ ਮੰਜ਼ਿਲ 'ਤੇ ਖੜ੍ਹਾ ਸਰੀਰ
ਆਪਣੀ ਹੀ ਚੁੱਪ ਦਾ ਵੇਖਦਾ ਹੈ ਤਮਾਸ਼ਾ

ਰਾਤ ਭਰ
ਲੋਹੇ ਦੇ ਸਖ਼ਤ ਸੁਪਨੇ
ਜਗਾਉਂਦੇ ਰਹਿੰਦੇ ਨੇ ਨੀਂਦ ਨੂੰ

ਗੱਦਾ ਰਹਿ ਜਾਂਦਾ ਹੈ
ਸਰੀਰ ਦੇ ਹੇਠਾਂ

ਮਨ ਪਰ
ਸਾਰੀ ਰਾਤ ਚਲਦਾ ਹੈ
ਨੰਗੇ ਪੈਰੀਂ
ਸੋਚਾਂ ਦੀ ਅੰਤਹੀਣ ਸੜਕ 'ਤੇ

***

## ਚੁੱਪ ਦਾ ਭਰਮ

ਮੈਂ ਚਾਹੁੰਦਾ ਸੀ
ਕਿ ਮੇਰੇ ਪ੍ਰਤਿ ਅਣਜਾਣ ਰਹਿਣ ਦਾ
ਨਾ ਕੀਤਾ ਹੁੰਦਾ ਤੁਸਾਂ ਇਜ਼ਹਾਰ

ਕਿੰਨਾ ਚੰਗਾ ਹੁੰਦਾ
ਜੇ ਸਾਡੀਆਂ ਅਬੋਲ ਅੱਖਾਂ ਨੇ
ਪਛਾਣਿਆ ਹੁੰਦਾ ਇਕ-ਦੂਜੇ ਨੂੰ

ਆਪਣੇ ਦਰਮਿਆਨ
ਨਾ ਪੈਂਦੀ ਦਰਾਰ
ਨਾ ਆਉਂਦਾ ਅਣਚਾਹਿਆ ਫ਼ਾਸਲਾ
ਸਾਡੇ ਦਿਲਾਂ ਵਿਚਕਾਰ

ਹੋਰਾਂ ਲਈ ਬਣਿਆ ਰਹਿੰਦਾ
ਖ਼ੂਬਸੂਰਤ ਭਰਮ
ਕਹਿ ਕੇ—
ਤੂੰ 'ਤੂੰ' ਹੀ ਹੈਂ
ਮੈਂ 'ਮੈਂ' ਹੀ ਹਾਂ
ਪਾਲ਼ੀ ਰੱਖਦੇ ਭੇਦ ਰੱਖਣ ਦਾ ਧਰਮ

❋❋❋

## ਖ਼ਬਰ

ਵਿਚਲਾ ਸੱਚ ਜਾਂ ਝੂਠ
ਨਜ਼ਰ ਨਾ ਆਵੇ
ਉੱਸਰੇ ਮਾਹੌਲ ਦੀ ਸਰਗੋਸ਼ੀ
ਪੜ੍ਹਨ-ਸੁਣਨ ਲਈ ਫਿਰ ਵੀ ਕਹੀ ਜਾਵੇ

ਚਾਹੁੰਦਾ ਹੈ
ਜਬਰੀ ਖ਼ਬਰ ਛਪਵਾਉਣ ਵਾਲ਼ਾ
ਕਿ ਇਹ ਸਾਰਾ ਹਵਾਲਾ
ਬਣ ਜਾਵੇ ਲੋਕਾਂ ਦੀ ਸੋਚ
ਬਣ ਜਾਵੇ ਇਕ ਹੀ ਰਾਇ
ਇਸ ਜਾਂ ਉਸ ਧੜੇ ਦਾ
ਹੋ ਜਾਵੇ ਹਿੱਸਾ

ਇਹ ਖ਼ਬਰ ਕਈ ਵਾਰ
ਅੱਗ ਲਗਵਾਉਂਦੀ ਆਪ
ਕਈ ਵਾਰ ਬਣਦੀ
ਉਸ ਅੱਗ ਦਾ ਘੜਿਆ ਸੰਤਾਪ
ਬਾਲਣ ਬਣੇ ਮਘਦੀ ਅੱਗ ਲਈ
ਸਭ ਕੁਝ ਸਾੜੇ ਬਿਨਾਂ ਕਿਸੇ ਲਿਹਾਜ਼

ਉਹ ਅੱਗ ਜੋ ਕਰ ਦੇਵੇ
ਸਵਾਹ ਘਰ-ਬਾਰ
ਹਰ ਥਾਂ ਖੇਡੇ ਤਬਾਹੀ ਦੀ ਖੇਡ
ਜ਼ਿੰਦਾ ਰਹੇ ਬੜੀ ਦੇਰ ਤਕ ਲਗਾਤਾਰ

ਤੇ ਢੂੰਡੇ ਸਾੜਨ ਲਈ
ਪਨਪਦੀ ਉਹ ਨਿਰੋਈ ਸੋਚ
ਖ਼ਬਰ ਤੋਂ ਬਚਦੀ-ਬਚਾਉਂਦੀ
ਸੱਚ ਲੱਭਣ ਲਈ ਹੋਵੇ ਜੋ ਯਤਨਸ਼ੀਲ

❊❊❊

## ਦਿਲ ਕਰਦਾ ਹੈ

ਖ਼ਾਮੋਸ਼ ਜੀਵਨ-ਸਫ਼ਰ ਦੌਰਾਨ
ਕੁਝ ਅਦਨੇ ਜਿਹੇ ਵਰਤਾਰੇ
ਕਿਹੜੇ-ਕਿਹੜੇ ਮੁਕਾਮਾਂ 'ਤੇ
ਲੈਂਦੇ ਰਹਿਣਗੇ ਪੈਰਾਂ ਦੇ ਛਾਲਿਆਂ ਦਾ ਇਮਤਿਹਾਨ!

ਹੁਣ ਤਾਂ ਦਿਲ ਕਰਦਾ ਹੈ—
ਖ਼ਤਮ ਹੋਵੇ ਖ਼ਾਮੋਸ਼ੀ ਦਾ ਸ਼ਰਾਫ਼ਤ-ਭਰਿਆ ਸਫ਼ਰ
ਚੁੱਕਾਂ ਕਲਮ ਤੇ ਲਿਖ ਦਿਆਂ
ਹਰਾਸੇ ਕਾਗਜ਼ਾਂ 'ਤੇ ਉਹ ਸਰਗਰਮ ਸ਼ਬਦ
ਜੋ ਰੁਸ਼ਨਾ ਦੇਣ ਮਨ ਦੀ ਹਰ ਨਿਰਾਸ ਨੁੱਕਰ

ਸੋਚ ਵਿਚੋਂ ਉਡਾ ਦਿਆਂ
ਝੁੰਜਲਾਹਟ ਧੂੜ ਵਾਂਗ
ਕਿ ਅੰਦਰਲੀ ਉਦਾਸੀ ਨੂੰ ਬਦਲ ਕੇ ਖ਼ੁਸ਼ਬੂ ਵਿਚ
ਫੈਲਾ ਦਿਆਂ ਅਖ਼ੀਰ ਤਕ ਰਾਹਾਂ 'ਚ

ਕਾਸ਼ ਕੋਈ ਛੋਹ ਸੁਰਖ਼ ਸੋਚ ਦੀ
ਬਣ ਜਾਵੇ ਮੇਰਾ ਨਸੀਬ
ਸੁਝ ਪਏ ਕੋਈ ਨਵਾਂ ਸੰਕੇਤ
ਮਿ਼ਲੇ ਸਰਸਰਾਉਂਦਾ ਸਕੂਨ ਦਾ ਸੰਚਾਰ
ਚੁੱਪ ਦੇ ਲੰਮੇ ਹਨੇਰੇ
ਬਦਲ ਜਾਣ ਸਦੀਵੀ ਰੌਸ਼ਨੀ ਵਿਚ

ਚਿਹਰਿਆਂ 'ਤੇ ਮੁਸਕਾਨ ਪਰਤੇ
ਹੋਸ਼ਾਂ ਦੀ ਰੁਮਕੇ ਹਵਾ
ਸੋਚ ਤੇ ਸੰਵਾਦ ਦੀ ਸਜ ਜਾਵੇ ਮਹਿਫ਼ਿਲ
ਜੁੜਨ ਬੀਤੇ ਦੇ ਕੁਝ ਟੁੱਟੇ ਸੰਬੰਧ

ਤੇ ਜ਼ਿੰਦਗੀ ਦਾ ਕਾਫ਼ਲਾ—
ਨਿਕਲ ਕੇ ਡੂੰਘੇ ਅਵਚੇਤਨ ਤੋਂ
ਤੁਰ ਪਵੇ ਚੇਤਨਤਾ ਦੇ ਸਫ਼ਰ ਵਲ

❊❊❊

## ਡਰ ਇਕ ਪਰਛਾਵਾਂ

ਮਨ ਵਿਚ ਕਲਪਿਆ-ਘੜਿਆ ਹਨੇਰਾ
ਬਣ ਗਿਆ ਅੰਦਰ ਡਰ ਦਾ ਮੂਲ ਬੀਜ
ਬਚਪਨ ਦੇ ਕੁਝ ਪਲਾਂ ਤੋਂ
ਅਚੇਤ ਮਨ ਦਾ ਮਹਿਲ ਉਸਾਰਦਾ
ਸਾਰੀ ਉਮਰ ਇਸ ਵਿਚ ਰਹਿੰਦਾ ਕੈਦ

ਭਵਿੱਖ ਦੇ ਕਿਸੇ ਵੀ ਮੋੜ 'ਤੇ
ਜਾਗ ਉੱਠਦਾ ਹੈ ਅਚਾਨਕ
ਹਕੀਕਤ ਨੂੰ ਸੋਚਣ ਦੇ ਕਾਬਲ ਨਾ ਛੱਡਦਾ

ਇਸਦੀ ਕੁੱਖੋਂ ਜੰਮੀ ਜ਼ਖ਼ਮੀ ਅਕਲ
ਕਦੇ ਵੀ ਨਹੀਂ ਹੋ ਸਕਦੀ ਪੂਰੀ ਤਰ੍ਹਾਂ ਸੱਚੀ

ਡਰ ਦਾ ਪਹਿਰੇਦਾਰ ਖ਼ੁਦ
ਇਸਨੂੰ ਮਿਟਾਉਣ ਵਿਰੁੱਧ
ਨਹੀਂ ਚੁੱਕਣ ਦੇਵੇਗਾ ਕਦਮ
ਬਸ ਇਹੀ ਚਾਹੁੰਦਾ ਹੈ
ਕਿ ਕਾਇਮ ਰਹੇ ਡਰ ਦਾ ਪ੍ਰਭਾਵ

ਅਜੀਬ ਵਿਰੋਧਾਭਾਸ ਹੈ
ਕਿ ਫਿਰ ਵੀ ਥਰ-ਥਰ ਕੰਬਦਾ ਹੈ
ਡਰ ਫੈਲਾਉਣ ਵਾਲ਼ਾ ਵੀ
ਕਿ ਡਰਨ ਵਾਲ਼ਾ
ਬੰਦ ਨਾ ਕਰ ਦੇਵੇ ਉਸ ਤੋਂ ਡਰਨਾ!

❊❊❊

## ਕੌਣ ਕਹਿੰਦਾ

ਕੌਣ ਕਹਿੰਦਾ
ਸਾਰੇ ਫੁੱਲ ਇਕੋ ਜਿਹੇ ਨੇ?

ਕੁਝ ਪਲ਼ਦੇ ਨੇ ਨਰਮ ਹੱਥਾਂ ਵਿਚ
ਸੁੰਦਰ ਗਮਲ਼ਿਆਂ 'ਚ ਛਾਂ ਹੇਠਾਂ

ਕੁਝ ਨੂੰ ਪਾਲ਼ਦੇ ਮਾਲੀ ਦੇ ਖੁਰਦਰੇ ਹੱਥ
ਕਿਆਰੀਆਂ ਦੀ ਰੂਹ ਵਿਚ

ਤੇ ਕੁਝ ਖਿੜਦੇ ਜੰਗਲ਼ਾਂ ਵਿਚ
ਝੱਖੜਾਂ ਦੇ ਝੰਬੇ
ਕੰਡਿਆਂ ਤੋਂ ਜ਼ਖ਼ਮੀ
ਬੇ-ਰੰਗ ਬੇ-ਖੁਸ਼ਬੋ
ਆਪਣੇ ਸਾਥੀਆਂ ਵਾਂਗ

ਫੁੱਲ ਇਕੋ ਜਿਹੇ
ਕਿਤੇ ਨਹੀਂ ਪਲ਼ਦੇ

***

## ਕਿਸਨੂੰ ਪੁੱਛਾਂ ਇਹ ਸਵਾਲ

ਅਣਜਾਣ ਨੂੰ ਜਾਨਣ ਲਈ
ਤੇ ਇੱਛਾਵਾਂ ਪੂਰੀਆਂ ਕਰਦਿਆਂ
ਕੀ ਮਿਲਿਆ?

ਕਿਸ ਲਈ ਮੈਂ ਦੌੜਿਆ ਏਨਾ
ਕਿੰਨਾ ਕੁ ਬਚਿਆ ਸੀ ਅੰਦਰ
ਅਚੇਤ ਮਨ ਦੇ ਪਾਉਣ ਲਈ?

ਕੀ ਮੈਂ ਦੱਸ ਪਾਇਆ ਜੋ ਮੈਂ ਮਹਿਸੂਸਿਆ?
ਜਦੋਂ ਤੁਰਿਆ ਘਰੋਂ
ਸੰਸਕਾਰਾਂ ਦਾ ਬੋਝ ਸੀ ਨਾਲ਼
ਨਵੇਂ ਲੋਕ ਜੁੜਦੇ ਗਏ
ਪੁਰਾਣੇ ਵਿਛੜਦੇ ਗਏ ਹੌਲ਼ੀ-ਹੌਲ਼ੀ

ਇਕ ਵੇਲ਼ਾ ਉਹ ਵੀ ਆਇਆ
ਕਿ ਜ਼ਿੰਦਗੀ ਦੇ ਰਾਹਾਂ ’ਤੇ
ਭਟਕਦਾ ਰਹਿ ਗਿਆ ਇਕੱਲਾ
ਅੰਤ ਵਿਚ ਰੁਕ ਗਿਆ
ਨਾ ਹਿਸਾਬ ਲਾਇਆ ਜਿੱਤ-ਹਾਰ ਦਾ
ਨਾ ਸਵਾਲ ਕੀਤਾ ਖ਼ੁਦ ਦੀ ਸੰਤੁਸ਼ਟੀ ਦਾ

ਇਹ ਕਿਵੇਂ ਹੋਇਆ
ਖੜ੍ਹਾ ਹੈ ਉਵੇਂ ਦਾ ਉਵੇਂ ਹੀ ਸਵਾਲ

ਸਦੀਵੀ ਯਾਤਰਾ ਦਾ ਸਫ਼ਰ ਜਾਰੀ ਹੈ

❁❁❁

## ਕੋਸ਼ਿਸ਼ਾਂ ਦਾ ਖੰਡਰ

ਜਦੋਂ ਸਰਾਪੀਆਂ ਜਿੰਦਾਂ ਦੇ ਹਿਰਖ-ਹੇਰਵੇ
ਚਿਰਾਂ ਤਕ ਮਨ ਅੰਦਰ
ਪਏ ਰਹਿ ਜਾਣ ਅਣਗੌਲ਼ੇ-ਅਣਸੁਲਝੇ
ਤਾਂ ਨਿਰੋਈ ਸੋਚ 'ਤੇ
ਹੌਲ਼ੇ-ਹੌਲ਼ੇ ਲੱਗ ਹੀ ਜਾਂਦਾ ਹੈ ਜੰਗਾਲ਼

ਜ਼ਿਹਨ ਦੀ ਕਿਸੇ ਵੀ ਨੁੱਕਰ 'ਚ ਜੰਮੀ
ਉਹਦੀ ਪੁਰਾਣੀ ਪਰਤ ਖੁਰਚਣ 'ਤੇ ਵੀ
ਹੱਥ-ਪੱਲੇ ਕੁਝ ਨਹੀਂ ਪੈਂਦਾ
ਬਸ ਉੱਡਣ ਲੱਗ ਪੈਂਦਾ ਹੈ ਗ਼ੁਬਾਰ
ਤੇ ਫੈਲ ਜਾਂਦਾ ਹੈ
ਆਤਮਾ ਦੇ ਸਾਰੇ ਵਿਹੜੇ 'ਚ

ਮਨ ਦੀਆਂ ਕੰਧਾਂ ਉੱਤੇ
ਚਿਪਕ ਜਾਂਦੀਆਂ ਨੇ ਤਰੇੜਾਂ
ਜੋ ਨਾ ਮਿਟਦੀਆਂ ਨੇ
ਨਾ ਲੁਕਦੀਆਂ

ਕੋਈ  ਲੈ ਕੇ ਚੁੱਪ ਦਾ ਪੋਚਾ
ਇਨ੍ਹਾਂ ਹੀ ਅਣਚਾਹੀਆਂ ਤਰੇੜਾਂ ’ਤੇ
ਪਰਦਾ ਪਾਉਣ ਦੀ ਕੋਸ਼ਿਸ਼ ’ਚ ਹੈ

ਪਰ ਪੋਚਾ ਮਾਰਦਿਆਂ ਹੀ ਉਂਗਲਾਂ ਨੇ
ਕਰ ਲਿਆ ਮਹਿਸੂਸ
ਕਿ ਇਹ ਜ਼ਖ਼ਮ ਅੰਦਰੇ-ਅੰਦਰ
ਹੋ ਰਹੇ ਨੇ ਹੋਰ ਡੂੰਘੇ

ਫਿਰ ਉਹਨੇ ਸੁਘੜ-ਸੁਆਣੀ ਵਾਂਗ
ਘਰ ਦੀ ਇੱਜ਼ਤ ਖ਼ਾਤਰ
ਢੱਕ ਤਾਂ ਦਿੱਤੇ ਤਰੇੜਾਂ ਦੇ ਜ਼ਖ਼ਮ
ਪਰ ਚੁੱਪ ਦੇ ਸਾਜ਼ਿਸ਼ੀ ਚੁੰਮਣ ਦੀ ਮਲ੍ਹਮ
ਦਰਦ ਮਿਟਾ ਨਾ ਸਕੀ

ਉਹ ਹਾਰੀ ਤਾਂ ਨਹੀਂ
ਪਰ ਜੰਗਾਲ਼ੀ ਸੋਚ ਦਾ ਬੋਝ
ਚੁੱਪ-ਚਾਪ ਟਿਕ ਗਿਆ ਹੈ
ਉਹਦੇ ਮਨ ਦੇ ਅੰਦਰ
ਬਣ ਕੇ ਕੋਸ਼ਿਸ਼ਾਂ ਦਾ ਖੰਡਰ

❋❋❋

## ਵਕਤ ਦਾ ਸੱਚ ਸਮਝੀਏ

ਅਧਰੰਗ ਕਿਉਂ ਮਾਰ ਜਾਂਦਾ ਹੈ
ਤੇਜ਼ ਚੱਲਦੀ ਜੀਭ ਤੁਹਾਡੀ ਨੂੰ
ਸਾਡੀ ਉਸਤਤ ਵਿਚ ਬੋਲਦਿਆਂ
ਕੌੜੀ ਕਿਉਂ ਹੋ ਜਾਂਦੀ ਹੈ
ਤੁਹਾਡੀ ਜ਼ਬਾਨ

ਕਿਉਂ
ਅਚਾਨਕ ਗੂੰਗਾ ਬੈਠਾ
ਹੰਕਾਰ ਖੜ੍ਹਾ ਹੋ ਜਾਂਦਾ ਹੈ ਤੁਹਾਡਾ
ਸਾਡੇ ਵੱਲੋਂ ਜਦ ਵੀ ਉੱਠਦੀ ਹੈ ਹੂਕ
ਸਭ ਲਈ ਸਮਾਨ ਹੱਕ ਮੰਗਦੀ
ਆਪਣੀ ਹਿੱਸੇਦਾਰੀ ਲਈ

ਕਿਉਂ ਓੜ ਲੈਂਦੇ ਹੋ
ਨਫ਼ਰਤੀ ਚੁੱਪ ਦਾ ਪਰਦਾ
ਜੋ ਬਣ ਕੇ ਲੋਹੇ ਦੀ ਕੰਧ
ਖੜ੍ਹ ਜਾਂਦਾ ਹੈ ਸਾਡੇ ਵਿਰੋਧ ਵਿਚ

ਕਿਉਂ ਨਹੀਂ
ਝੂਠ ਨੂੰ ਝੂਠ ਕਹਿੰਦੇ ਤੁਸੀਂ
ਸੋਚਣ ਲਈ ਕਿਉਂ ਨਹੀਂ
ਖ਼ੁਦ ਨੂੰ ਬਚਾਉਂਦੇ ਭੀੜਾਂ ਤੋਂ

ਆਉ!
ਵਕਤ ਦੇ ਸੱਚ ਨੂੰ ਬੁਲਾਈਏ
ਹੰਕਾਰ ਨੂੰ ਸਮਝਾਈਏ
ਸਿਰ ਜੋੜ ਕੇ ਬੈਠੀਏ-ਬਿਠਾਈਏ
ਸਾਂਝੇ ਸੰਘਰਸ਼ ਨੂੰ ਗ਼ਲੇ ਲਗਾਈਏ
ਭਵਿੱਖ ਦੇ ਅਸਲੀ ਵਾਰਿਸ ਅਖਵਾਈਏ

❊❊❊

## ਸੱਚ ਤੋਂ ਦਿੱਖ ਤਕ ਦਾ ਸਫ਼ਰ

ਸ਼ਹਿਰ ਦੀ ਧੂੜ-ਭਰੀ
ਕੱਚੀ ਸੜਕ 'ਤੇ
ਉਹ ਜਦ ਝੁੱਗੀ 'ਚੋਂ ਲੈ ਕੇ ਬੇਬਸ ਪੈਰ
ਛੱਡ ਕੇ ਫੁੱਟਪਾਥ
ਅਧੂਰੇ ਖ਼ਾਬਾਂ ਦਾ ਭਾਰ ਚੁੱਕੀ
ਜ਼ਿੰਦਗੀ ਦੇ ਠੋਸ ਮਹਿਲਾਂ ਵਲ
ਵਧਿਆ ਚੁੱਪ-ਚਾਪ

ਅਖੌਤੀ ਘਰ ਦੀ
ਨੰਗੀ ਤਸਵੀਰ
ਕੋਮਲ ਅੱਖਾਂ ਨੂੰ ਨਮ ਕਰਦੀ
ਧੁਰ ਰੂਹ ਤਕ ਹਿਲਾਉਂਦੀ

ਭਵਿੱਖ
ਪਰਦੇ 'ਤੇ ਚੱਲਦੇ ਚਿੱਤਰ ਦੀ
ਡੂੰਘੀ ਉਲਝਣ ਵਿਚ ਫਸਿਆ

ਟੁੱਟੇ ਹੋਏ ਸੁਪਨੇ
ਮਹਿਲਾਂ ਦੇ ਪੈਰਾਂ ਵਿਚ
ਉੱਭਰਦੀ ਝੌਂਪੜੀ ਨਾਲ਼
ਚੁੱਪ-ਚਾਪ ਟਕਰਾਉਂਦੇ
ਸੰਵਾਦ ਨਹੀਂ
ਬਸ ਹੋਂਦ ਦਾ ਦਰਦ
ਹੌਲ਼ੀ-ਹੌਲ਼ੀ ਮਿਟਾਉਂਦੇ

ਪੇਟ ਦੀ ਬਲਦੀ ਅੱਗ
ਹਕੀਕਤਾਂ ਨੂੰ ਉਲਟਾ ਕੇ
ਨੰਗਾ ਸੱਚ ਦਿਖਾਉਂਦੀ
ਧੁੰਦਲੀ ਹੋਈ ਰਾਹ
ਧੂੜ ਵਿਚ ਗੁਆਚਦੀ

ਮਹਿਲਾਂ ਦੇ ਝੂਠੇ ਨਜ਼ਾਰੇ
ਝੁੱਗੀ ਦੀ ਗ਼ਰੀਬੀ ਨੂੰ
ਰਹਿਣ ਚਿੜਾਉਂਦੇ
ਸੋਚ ਨੂੰ ਭਟਕਾ ਕੇ
ਦਿਨ ਨੂੰ ਰਾਤ ਕਰ ਦਿਖਾਉਂਦੇ

***

## ਫ਼ਰਕ ਪੈਂਦਾ ਹੈ

ਫ਼ਰਕ ਪੈਂਦਾ ਹੈ
ਰੰਗ, ਨਸਲ, ਮਜ਼੍ਹਬ
ਜਾਤ, ਲਿੰਗ, ਪੜ੍ਹਾਈ
ਤੇ ਸਮਾਜਿਕ ਰੁਤਬੇ ਨਾਲ਼

ਉਦੋਂ ਵੀ ਫ਼ਰਕ ਪੈਂਦਾ ਹੈ
ਜਦੋਂ ਕੁਦਰਤ ਵੱਲੋਂ ਮਿਲ਼ੇ
ਸਮਾਨਤਾ ਦੇ ਅਧਿਕਾਰ ਨੂੰ ਲੱਗਦੀ ਹੈ ਸੰਨ੍ਹ
ਖੜ੍ਹੀ ਕਰ ਦਿੱਤੀ ਜਾਂਦੀ ਹੈ ਇਕ ਅਦਿੱਖ ਕੰਧ

ਅਸਮਾਨਤਾ ਥੋਪਣ ਵਾਲ਼ਿਆਂ ਨਾਲ਼
ਜੂਝਣਾ ਪੈਂਦਾ ਹੈ ਉਮਰ ਭਰ

ਇੰਜ ਵੀ ਤਾਂ ਫ਼ਰਕ ਪੈਂਦਾ ਹੈ
ਜਦੋਂ ਅਸਾਵੀਂ ਜ਼ਿੰਦਗੀ ਜਿਊਂਦਿਆਂ
ਜਨਮ ਤੋਂ ਹੀ ਜਾਤੀ ਅਤੇ ਰੁਤਬੇ ਦੀਆਂ
ਵਿੱਥਾਂ ਨਜ਼ਰ ਆਉਂਦੀਆਂ ਨੇ

ਬਹੁਤ ਫ਼ਰਕ ਪੈਂਦਾ ਹੈ
ਜਦੋਂ ਸੰਘਰਸ਼
ਕਿਸੇ ਪ੍ਰਾਪਤੀ ਦਾ ਕਰ ਜਾਂਦਾ ਹੈ ਗੂੜ੍ਹਾ ਰੰਗ
ਆਖ਼ਰ ਫ਼ਰਕ ਮਿਟ ਜਾਂਦਾ ਹੈ
ਜਦੋਂ ਮਨੁੱਖਤਾ ਦੇ ਰੰਗ
ਰਚ ਜਾਂਦੇ ਨੇ ਕੁਦਰਤ ਦੇ ਰੰਗਾਂ ਸੰਗ

❉❉❉

## ਮਸਲਾ ਤਾਂ ਬਸ ਇਕੋ ਹੀ ਹੈ

ਮਸਲਾ ਤਾਂ ਬਸ ਇਕੋ ਹੀ ਹੈ
ਤੇਰੀ ਹੰਕਾਰੀ ਸੋਚ ਦਾ
ਤੇਰੇ ਮਹਾਨ ਬਣਨ ਦਾ
ਤੇਰੀ ਖ਼ੁਦਗ਼ਰਜ਼ੀ ਦਾ

ਇਹ ਦਰਸਾਉਂਦਾ ਹੈ
ਤੇਰਾ ਹੀ ਰਿਵਾਜ ਹੈ
ਤੇਰਾ ਹੀ ਸਮਾਜ
ਤੇਰਾ ਹੀ ਕਾਰੋਬਾਰ
ਤੇਰਾ ਹੀ ਹੱਕ

ਕਿਸੇ ਦਾ ਸਤਿਕਾਰ ਨਹੀਂ
ਬਸ ਜ਼ੁਲਮ ਹੀ ਜ਼ੁਲਮ ਹੈ
ਆਪਣੀ ਹਾਰ ਨੂੰ ਬੇਕਾਰ ਸਮਝ ਕੇ
ਦੂਜਿਆਂ ਨੂੰ ਖ਼ੁਆਰ ਕਰਨ ਦਾ

ਨਾ ਕੋਈ ਸਵਾਲ
ਨਾ ਕੋਈ ਮਲਾਲ ਹੈ
ਦਿਲ ਵਿਚ ਇਕ ਅੱਗ ਹੈ
ਮਨ ਵਿਚ ਹਮੇਸ਼ਾ ਸਾੜਨ ਦਾ ਖ਼ਿਆਲ ਹੈ

❋❋❋

## ਦਸਾਂ ਮਿੰਟਾਂ ਵਿਚ

ਤੂੰ ਦਸ ਕੁ ਮਿੰਟ ਠਹਿਰ
ਵੇਖ ਤਾਂ ਸਹੀ
ਮੇਰੇ ਸ਼ਹਿਰ ਦੇ ਹਰ ਘਰ ਤੀਕ
ਹੁਣ ਬਿਨਾਂ ਰੁਕਾਵਟ ਪਹੁੰਚ ਜਾਂਦੀ ਹੈ
ਹਰ ਲੋੜੀਂਦੀ ਵਸਤ

ਦੁਕਾਨ ਤਕ ਜਾਣਾ ਕੀ
ਮੋਬਾਈਲ ’ਤੇ ਟਿਕ-ਟਿਕ ਕਰ
ਦਸ ਮਿੰਟ ਵਿਚ
ਆ ਜਾਂਦਾ ਹੈ ਸਭ ਕੁਝ ਘਰ

ਪਰ ਉਹੀ ਦਸ ਮਿੰਟ
ਖਾ ਜਾਂਦੇ ਨੇ ਉਹ ਸਾਰੇ ਸਫ਼ਰ
ਜਿੱਥੇ ਮਿਲ਼ਦਾ ਸੀ
ਇਕ ਆਪਣੇ ਜਿਹਾ ਚਿਹਰਾ
ਇਕ ਦਿਲ ’ਚ ਲਹਿੰਦਾ ਬੋਲ
ਇਕ ਸਦਾ-ਸੱਜਰੀ ਮੁਸਕਰਾਹਟ

ਉਧਾਰ ਦੀ ਕੋਈ ਗੁੰਜਾਇਸ਼ ਨਹੀਂ
ਵਹੀ ਵਿਚ ਮੋਹ ਨਹੀਂ ਲਿਖਿਆ ਜਾਂਦਾ
ਨਾ ਦਾਣੇ ਰਹੇ ਨਾ ਸੁਨੇਹਾ
ਸਿਰਫ਼ ਕਲਿੱਕ ਤੇ ਕੁਨੈਕਸ਼ਨ ਦਾ ਹਿਸਾਬ

ਜਿੱਥੇ ਕਦੇ ਹੁੰਦੇ ਸਨ ਦਿਲਾਂ ਦੇ ਵਟਾਂਦਰੇ
ਹੁਣ ਬਣਦੀਆਂ ਨੇ ਰਸੀਦਾਂ
ਪੈਸਾ ਸਿੱਧਾ ਜਾ ਪਹੁੰਚਦਾ ਹੈ ਖਾਤੇ 'ਚ
ਤੇ ਰਸਤੇ 'ਚ ਚੁੱਪਚਾਪ ਗੁੰਮ ਹੋ ਜਾਂਦਾ ਹੈ
ਇਕ ਪੁਰਾਣਾ ਮਧੁਰ ਸਬੰਧ

ਯਾਦ ਕਰ ਲਾਲੇ ਦੀ ਤੱਕੜੀ
ਦਾਣੇ ਸਾਵੇਂ ਤੋਲਦੀ
ਤੇ ਉਹ ਪੁੜੀ ਬਣਾ ਕੇ
ਹੱਥ ਵਿਚ ਫੜਾਉਂਦਾ
ਝੂੰਗਾ ਵੱਖਰਾ ਹੁੰਦਾ ਸੀ

ਵਹੀ ਸੀ
ਜਿੱਥੇ ਹਿਸਾਬ ਤੋਂ ਵੱਧ
ਲਿਖਿਆ ਜਾਂਦਾ ਸੀ ਸੁਨੇਹਾ
ਉਹ ਗੱਲਾਂ ਉਹ ਹਾਸੇ
ਹੁਣ ਬਣ ਗਏ ਨੇ ਸਿਰਫ਼ ਯਾਦਾਂ ਦੇ ਪੰਨੇ

ਦਸਾਂ ਮਿੰਟਾਂ ਵਿਚ ਆ ਜਾਂਦਾ ਹੈ
ਸਭ ਕੁਝ ਮੇਰੇ ਸ਼ਹਿਰ ਵਿਚ
ਉਹਨਾਂ ਦਸਾਂ ਮਿੰਟਾਂ 'ਚ ਪਰ
ਕੋਈ ਰਿਸ਼ਤਾ ਨਹੀਂ ਬਣਦਾ

❊❊❊

## ਸੋਚ ਦੀ ਅੱਖ ਦਾ ਮੋਤੀਆ

ਸੱਥ ਸਾਂਝੀ ਤਾਂ ਅਖਵਾਉਂਦੀ ਹੈ
ਪਰ ਪੈਰ ਉਧਰ ਨੂੰ ਮੁੜਦਿਆਂ ਹੀ
ਲੱਗ ਜਾਂਦਾ ਦਿਲ ਨੂੰ ਧੁੜਕੂ

ਗੱਲਾਂ-ਗੱਲਾਂ ਵਿਚ ਬੋਲ-ਕੁਬੋਲ
ਚੋਭਾਂ ਲਾ ਕੇ ਕਰਵਾ ਦਿੰਦੇ ਯਾਦ
ਪੁਰਖਿਆਂ ਦੀਆਂ ਪੈੜਾਂ 'ਚ
ਪੈਰ ਨਾ ਪਾਉਣ ਦੇ ਸਬੱਬ
ਜਮਾਂਦਰੂ ਮੋਤੀਆ
ਤੜਫਣ ਲੱਗ ਜਾਂਦਾ
ਸੋਚ ਦੀ ਨਜ਼ਰ ਵਿਚ

ਪੈੜਾਂ ਵਿਚ ਬਿਗਾਨਿਆਂ ਦੇ ਪੈਰ
ਅਜੇ ਦੂਰ ਦੀ ਗੱਲ ਹੈ
ਉਹਨਾਂ ਦੇ ਪੈਂਡਿਆਂ ਵਿਚ

ਜਮਾਂਦਰੂ ਮੋਤੀਆ
ਉਹਨਾਂ ਦੀਆਂ ਅੱਖਾਂ ਦਾ
ਅਜੇ ਵੀ ਸੋਚਾਂ ਵਿਚ ਜੜ੍ਹਿਆ ਰਹਿੰਦਾ

ਕੁਝ ਪ੍ਰਸ਼ਨ ਲਟਕੇ ਰਹਿੰਦੇ ਨੇ
ਉੱਤਰਾਂ ਦੀ ਸੂਲ਼ੀ ’ਤੇ—
ਕਿ ਮਹਿਫ਼ਿਲੀ ਸੱਥ ਦੇ ਬੋਲ
ਕਿਉਂ ਨਹੀਂ ਸੁਣਾਉਣਾ ਚਾਹੁੰਦੇ ਕੁਝ ਨਵਾਂ?
ਕਿਉਂ ਨਹੀਂ ਹਟਾਉਣਾ ਚਾਹੁੰਦੇ
ਸੋਚਾਂ ’ਚੋਂ ਇਹ ਮੋਤੀਆ?
ਕਿਉਂ ਨਹੀਂ ਧਾਰਦੇ ਮੁਨਸਿਫ਼ੀ ਆਕਾਰ?

ਕਿ ਕਿਉਂ ਦੱਬ ਜਾਂਦੀ ਹੈ
ਤੇ ਸੱਥ ਵਲ ਜਾਂਦੀ
ਸਾਧਾਰਨ ਜਿਹੀ ਪਾਰਦਰਸ਼ੀ ਰੀਝ
ਸੱਥ ਦੇ ਵਕਤ-ਵਿਹਾਏ
ਅਪਾਰਦਰਸ਼ੀ ਬੋਲਾਂ ਦੇ ਹੇਠ?

❋❋❋

## ਪਾਰਕ ਤੋਂ ਬਾਹਰ ਦਾ ਸ਼ਹਿਰ

ਕੁਝ ਥੱਕੇ ਪਰ ਸ਼ਾਂਤ ਬਜ਼ੁਰਗਾਂ ਦਾ
ਨਿੱਘਾ ਘਰ ਹੈ ਇਹ ਪਾਰਕ

ਉਹ ਸ਼ਹਿਰ ਦੇ ਸ਼ੋਰ-ਸ਼ਰਾਬੇ ਨੂੰ
ਉਬੜ-ਖਾਬੜ ਸੜਕਾਂ
ਉੱਡਦੀ ਧੂੜ ਅਤੇ ਚਿੱਕੜ ਨੂੰ
ਛੱਡ ਆਉਂਦੇ ਨੇ ਬਹੁਤ ਦੂਰ ਕਿਤੇ

ਗੱਲ-ਬਾਤ ਵਿਚ
ਮਹਿਕ ਉੱਠਦੀ ਹੈ ਪਿੰਡ ਦੀ ਸੱਥ
ਸੱਥ ਵਿਚਲੀਆਂ ਮਸ਼ਕਰੀਆਂ ਦੇ ਰਸ ਨੂੰ
ਪੀਂਦਾ ਹੈ ਦਿਲ ਅਮਿਟ ਹੇਰਵੇ ਨਾਲ਼

ਵਕਤ ਹੈ ਕਿ ਹੁਣ
ਰੁਕਿਆ ਹੋਇਆ ਲੱਗਦਾ ਹੈ ਇੱਥੇ
ਕੋਈ ਨਹੀਂ ਦੌੜ-ਭੱਜ
ਬੋਲ ਵਿਚ ਠਰ੍ਹੰਮਾ
ਚਾਲ ਵਿਚ ਮੌਜੂਦ ਹੈ ਸਹਿਜ

ਪਾਰਕ ਤੋਂ ਬਾਹਰ
ਇਸੇ ਹੀ ਸ਼ਹਿਰ ਵਿਚ ਹਰ ਕੋਈ
ਕਾਹਲ਼ੀ 'ਤੇ ਅਸਵਾਰ
ਤਨ-ਮਨ ਦੀ ਭੁੱਖ ਮਿਟਾਉਣ ਲਈ
ਲੁਛਦਾ ਜਾ ਰਿਹਾ ਹੈ
ਨਵੀਂ ਖੋਹ ਜਗਾਉਣ ਲਈ

ਦੌੜੀ ਜਾ ਰਿਹਾ ਹੈ
ਜਿੱਤਣ ਲਈ
ਨਾ ਜਿੱਤੀ ਜਾਣ ਵਾਲ਼ੀ ਦੌੜ

❁❁❁

## ਗ਼ੁਲਾਮੀ ਦਾ ਰੰਗ

ਹੱਟਿਆਂ-ਕੱਟਿਆਂ ਕਾਲ਼ਿਆਂ ਨੂੰ
ਲੈ ਆਏ ਸਨ
ਗੋਰੇ ਦੇਸ਼ ਵਾਲੇ ਬੰਨ੍ਹ ਕੇ

ਇਹ ਨੀਲੇ ਜੰਮਦੇ-ਮਰਦੇ
ਗੋਰੀ ਚਮੜੀ ਵਾਲ਼ਿਆਂ ਵਾਂਗ
ਫਿਰ ਵੀ ਗ਼ੁਲਾਮ ਕਹਾਏ
ਗ਼ੁਲਾਮੀ ਦਾ ਅਹਿਸਾਸ
ਸਰੀਰ ਤੋਂ ਸੋਚ ਤਕ ਪੈਦਾ ਹੋਇਆ

ਕੀ ਚੱਲ ਰਿਹਾ ਹੈ
ਇਹਨਾਂ ਦੇ ਮਨਾਂ ਅੰਦਰ
ਇਹ ਚੁੱਪ-ਕਹਾਣੀ ਹੈ
ਦੁਨੀਆ ਨੂੰ ਨਹੀਂ ਸੁਣਾਈ ਦਿੰਦੀ

ਮਨ ਦੀ ਗ਼ੁਲਾਮੀ ਤੋਂ
ਛੁਟਕਾਰਾ ਨਹੀਂ ਪਾਉਣ ਦਿੰਦਾ
ਚਿਹਰਿਆਂ ਤੋਂ ਮੀਡੀਆ ਤਕ
ਫੈਲਿਆ ਇਹ ਜਾਲ

ਯਕੀਨਨ ਇਕ ਦਿਨ
ਉੱਠੇਗਾ ਇਨ੍ਹਾਂ ਦਾ ਸੰਸਾਰ
ਲੱਭੇਗਾ ਨਵੇਂ ਕਾਰਗਰ ਤਰੀਕੇ
ਦੱਸਣ ਲਈ ਕਿ ਨੀਲੀ ਚਮੜੀ
ਕਿਸ ਤਰ੍ਹਾਂ ਬਣੀ ਗ਼ੁਲਾਮ
ਤੇ ਗੋਰੀ ਕਿਵੇਂ ਬਣੀ ਮਾਲਕ

ਕਦੇ ਤਾਂ ਵਧਣਗੇ ਕਦਮ
ਆਰੰਭਿਆ ਜਾਵੇਗਾ ਸੰਘਰਸ਼
ਬਰਾਬਰ ਦੇ ਹੱਕਾਂ ਲਈ
ਕਦੇ ਤਾਂ ਬਣੇਗੀ ਹੀ ਇਹ ਧਰਤੀ
ਸਭਨਾਂ ਦੇ ਹੀ ਰਹਿਣ ਲਈ

❋❋❋

## ਨਫ਼ਰਤ ਦਾ ਸਾਇਆ

ਇਹ ਉਹਦੀਆਂ ਅੱਖਾਂ ਦਾ ਵੈਰ ਨਹੀਂ
ਉਹਦੀ ਰੂਹ ਵਿਚ ਰਚਿਆ
ਮੇਰੀ ਜਾਤ ਲਈ ਨਫ਼ਰਤ ਦਾ ਸਾਇਆ ਹੈ

ਉਸਦੀ ਘਿਰਣਾ ਦੀ ਅੱਗ ਨੇ
ਮੇਰੇ ਅੰਦਰ ਵੀ
ਭਰ ਦਿੱਤਾ ਹੈ ਉਹੀ ਜ਼ਹਿਰ

ਪਰ ਜਦ ਮੈਂ
ਉਸਦੀ ਨਫ਼ਰਤ ਤੋਂ ਮੂੰਹ ਮੋੜਿਆ
ਆਪਣੇ ਕਰਮਾਂ ਵਿਚ ਲੀਨ ਹੋਇਆ
ਅੰਦਰ ਉੱਤਰਿਆ ਚਾਨਣ ਦਾ ਸੈਲਾਬ

ਉਹਦਾ ਨਜ਼ਰੀਆ ਵੀ ਬਦਲਿਆ
ਮੇਰੇ ਅਤੇ ਮੇਰੇ ਕਰਮ ਪ੍ਰਤਿ

ਪਰ ਅੱਜ ਵੀ ਨਫ਼ਰਤ ਦੇ ਬੀਜ
ਖਿੱਲਰੇ ਪਏ ਮਾਹੌਲ ਦੀ ਜ਼ਰਖ਼ੇਜ਼ ਜ਼ਮੀਨ ’ਤੇ
ਮਾਂ-ਬਾਪ ਦੀ ਦੇਣ ਨਹੀਂ
ਸਮਾਜ ਦੀ ਉਪਜ ਨੇ ਇਹ

ਇਹ ਮਹਿਜ਼ ਜਜ਼ਬਾਤ ਨਹੀਂ
ਜੋ ਮਨ ਬਦਲਣ ਨਾਲ਼ ਬਦਲ ਜਾਣ
ਇਹ ਤਾਂ ਕੰਡਿਆਲ਼ੀ ਵਾੜ ਵਾਂਗ
ਰਹਿਤਲ ਦੀ ਰੂਹ ਵਿਚ
ਬਣਾ ਚੁੱਕੇ ਨੇ ਡੂੰਘੀਆਂ ਜੜ੍ਹਾਂ

ਇਹਨਾਂ ਦਾ ਅੰਤ ਹੋਵੇਗਾ
ਸਥਿਤੀਆਂ ਵਿਚਲੇ ਸੰਵਾਦ ਨਾਲ਼
ਸਮਾਜਿਕ ਸੋਚ ਵਿਚ ਬਦਲਾਅ ਨਾਲ਼

ਮਨੁੱਖ ਨੇ ਹੀ ਜਨਮ ਦਿੱਤਾ ਹੈ
ਉਹੀ ਮਿਟਾਉਣਗੇ ਇਹਨਾਂ ਨੂੰ
ਸਾਂਝੇ ਸੰਘਰਸ਼ ਹੀ ਹਰਾਉਣਗੇ
ਗੰਧਲੀਆਂ ਸੋਚਾਂ ਦੇ ਲਸ਼ਕਰਾਂ ਨੂੰ

❋❋❋

## ਕੁਰਸੀਆਂ ਤੇ ਕੁਰਸੀਆਂ ਬਣਾਉਣ ਵਾਲ਼ੇ

ਆਖ਼ਰ ਕੀ ਹੈ
ਇਹ ਪਰ੍ਹੇ ਦੀਆਂ ਬੈਠਕਾਂ ਦਾ ਮਾਜਰਾ
ਕਦੋਂ ਤਕ ਕਾਇਮ ਰਹਿਣੇ ਨੇ
ਚੌਧਰੀਆਂ ਦੀਆਂ ਚੌਧਰਾਂ ਦੀ ਲੰਮੀ ਉਮਰ ਕਰਦੇ
ਇਹ ਚੋਰ-ਦਰਵਾਜ਼ੇ?

ਇੱਥੇ ਜਿੱਤ
ਰਹਿਬਰਾਂ ਦੀ ਪਛਾਣ ਨਹੀਂ
ਸਿੱਕਿਆਂ ਦੀ ਚਮਕ ਦਾ ਜਾਦੂ ਹੈ
ਸ਼ੋਰੀਲੇ ਪ੍ਰਚਾਰ ਦੀ ਧੁੰਦ
ਖ਼ਰੀਦੋ-ਫ਼ਰੋਖ਼ਤ ਦੇ ਅਦਿੱਖ ਜਾਲ ਦੀ ਖੇਡ

ਜਿਸ ਪ੍ਰਬੰਧ ਨੇ ਵੰਡਣੀ ਹੁੰਦੀ ਹੈ
ਸਮਾਜ-ਸਭਿਆਚਾਰ ਵਿਚ ਭਾਈਚਾਰੇ ਦੀ ਖ਼ੁਸ਼ਬੂ
ਉਹ ਹੋਇਆ ਪਿਆ ਹੈ ਲਹੂ-ਲੁਹਾਣ
ਕੁਰਸੀਆਂ ਨੂੰ ਤਖ਼ਤ
ਕਲਮਾਂ ਨੂੰ ਤਾਜ ਕਰਨ ਦੀ ਹਵਸ ਵਿਚ

ਸ਼ਾਂਤੀ ਦੇ ਗੀਤ ਡੁੱਬ ਗਏ ਨੇ
ਜ਼ਿੰਦਾਬਾਦ-ਮੁਰਦਾਬਾਦ ਦੀਆਂ ਚਾਂਗਰਾਂ ’ਚ
ਜਿਹਨਾਂ ’ਚ ਦਿੱਤੀ ਜਾ ਰਹੀ ਹੈ
ਪ੍ਰਕਿਰਤੀ ਦੀ ਅਹਿਸਤਾ-ਅਹਿਸਤਾ ਬਲੀ

ਕੁਰਸੀਆਂ ਜਿੱਤ ਰਹੀਆਂ ਨੇ
ਤਖ਼ਤ ਬਣ ਕੇ
ਹਾਰੀ ਜਾ ਰਹੇ ਨੇ
ਕੁਰਸੀਆਂ ਬਣਾਉਣ ਵਾਲ਼ੇ

❊❊❊

## ਮਾਹੌਲ ਦੀ ਤਪ ਰਹੀ ਭੱਠੀ

ਉਹ 'ਸਿਆਣਾ' ਹੋ ਰਿਹਾ ਸੀ
ਅੱਖਰਾਂ ਦੀ ਪੌੜੀ ਚੜ੍ਹਦਾ-ਚੜ੍ਹਦਾ
ਪੈਰਾਂ ਹੇਠੋਂ ਆਪਣੀ ਜ਼ਮੀਨ ਗੁਆਉਂਦਾ
ਭੀੜ ਦੇ ਸ਼ੋਰ ਵਿਚ ਗੁਆਚਦਾ ਹੋਇਆ

ਉਸਦੀ ਆਪਣੀ ਆਵਾਜ਼ ਪਰ
ਕਰ ਚੁੱਕੀ ਸੀ ਖ਼ੁਦਕੁਸ਼ੀ
ਸਮਝ ਪਹਿਲਾਂ ਵਾਂਗ ਨਾ ਰਹੀ
ਪੁਰਾਣੇ ਰੁੱਖ ਦੀ ਸੰਘਣੀ-ਠੰਢੀ ਛਾਂ ਵਰਗੀ
ਥਕੇ ਹੋਏ ਮਨ ਨੂੰ ਸਕੂਨ ਦੇਣ ਵਾਲ਼ੀ

ਇਕ 'ਅਦਿੱਖ ਸਾਂਚਾ' ਸੀ
ਜਿਸ 'ਚ ਢਲਦਾ ਜਾ ਰਿਹਾ ਸੀ
ਉਹ ਬੇਧਿਆਨ, ਬੇਆਵਾਜ਼

'ਘਾੜਤ'' ਹੋ ਰਹੀ ਸੀ ਉਹਦੀ
ਮਾਹੌਲ ਦੀ ਤਪੀ ਰਹੀ ਖ਼ਾਮੋਸ਼
ਮੱਠੀ-ਮੱਠੀ ਭੱਠੀ ਵਿਚ

ਚੇਤਨਾ ’ਤੇ ਸੱਤਾ ਦੀ
ਜੰਮ ਗਈ ਸੀ ਖ਼ੁਸ਼ਬੂਦਾਰ ਧੂੜ
ਉਹਦੇ ਚੁਗੇ ਹੋਏ ਸ਼ਬਦਾਂ ’ਚੋਂ
ਖਿਸਕ ਜਾਂਦੇ ਇੰਜ ਸ਼ਬਦ
ਜਿਵੇਂ ਹੱਥਾਂ ’ਚੋਂ ਕਿਰ ਜਾਂਦੀ ਹੈ
ਸੁੱਕੀ ਰੇਤ

ਉਹਦੇ ਕੁਦਰਤੀ ਸੁਭਾਅ ’ਚੋਂ ਮਿਟ ਚੁੱਕਾ ਸੀ
ਮਖ਼ਮਲੀ ਛੁਹ ਦਾ ਅਹਿਸਾਸ
ਤੇ ਬਣ ਗਿਆ ਸੀ
ਅਣਪਛਾਤੇ ਹੱਥਾਂ ਵਿਚ ਔਜ਼ਾਰ

ਹੁਣ ਉਹ ਬਣ ਚੁੱਕਾ ਸੀ
ਨਗ਼ਾਰਖ਼ਾਨੇ ਦੀ ਬੋਲੀ ਬੋਲਣ ਵਾਲ਼ਾ ‘ਸਾਜ਼’
ਸ਼ਤਰੰਜ ਦੇ ਘਾਗ ਖਿਲਾੜੀਆਂ ਦਾ ਮੋਹਰਾ

ਉਹ ਜਾਣਦਾ ਹੋਇਆ ਵੀ ਨਹੀਂ ਜਾਣਦਾ
ਕਿ ਸੱਤਾ ਵਕਤ ਦੇ ਮੱਥੇ ’ਤੇ ਉੱਕਰੀ
ਸਾਜ਼ਿਸ਼ੀ ਲਿਖਤ ਹੈ
ਜੋ ਹਰ ਚਿਹਰੇ ਦੀ ਪੜ੍ਹਤ ਤੋਂ ਪਹਿਲਾਂ
ਲਗਾ ਦਿੰਦੀ ਹੈ ਉਸ ’ਤੇ ਆਪਣਾ ਹੀ ਚਿਹਰਾ

❋❋❋

## ਸੱਚ-ਝੂਠ ਤੋਂ ਪਾਰ

ਉਹ ਸੱਚ ਨਾ ਬੋਲ
ਕਰ ਦੇਵੇ ਜੋ
ਅੰਦਰਲੇ ਖੇੜੇ ਨੂੰ ਸੁਆਹ

ਕਦੇ ਝੂਠ ਵੀ
ਬਣ ਜਾਂਦਾ ਹੈ ਸਾਹਾਂ ਦੀ ਡੋਰ
ਜਿੱਤਣ ਲਈ ਨਹੀਂ
ਮਹਿਜ਼ ਜਿਊਣ ਲਈ

ਨਿਰਪੱਖ ਨਹੀਂ ਹੁੰਦੇ
ਸੱਚ ਤੇ ਝੂਠ
ਮਨ ਦੀ ਆਪਣੀਆਂ ਹੀ ਨੇ ਛਾਂਵਾਂ

ਤਦੇ ਮੇਰਾ ਸੱਚ ਤੈਨੂੰ
ਤੇ ਤੇਰਾ ਸੱਚ ਮੈਨੂੰ
ਅਕਸਰ ਦੇਂਦਾ ਹੈ ਬਹੁਤ ਪੀੜਾ

ਆ ਚੱਲੀਏ ਫ਼ੈਸਲਿਆਂ ਦੀ ਸਰਹੱਦ ਤੋਂ ਪਰ੍ਹੇ
ਚੁੱਪ ਦੀ ਉਸ ਨਦੀ ਵਲ
ਅਹਿਸਾਸਾਂ ਦਾ ਜਿੱਥੇ
ਕੋਈ ਨਾਮ ਨਹੀਂ ਹੁੰਦਾ
ਤੇ ਅਸੀਂ ਰਹਿ ਜਾਂਦੇ ਹਾਂ ਸਿਰਫ਼ 'ਮਨ'
ਸੱਚ-ਝੂਠ ਦੀ ਕੈਦ ਤੋਂ ਮੁਕਤ

***

## ਖ਼ੁਦ ਨੂੰ ਮਿਲ਼ ਪਿਆ ਹਾਂ

ਅਚਾਨਕ ਲੱਗਾ
ਜਿਵੇਂ ਖ਼ੁਦ ਨੂੰ ਮਿਲ਼ ਪਿਆ ਹਾਂ

ਆਪਣੇ-ਆਪ ਨੂੰ ਸਮਝਣ
ਤੈਨੂੰ ਸਮਝਾਉਣ ਲਈ
ਤੇਰੇ ਨਾਲ਼ ਰਿਸ਼ਤਾ ਬਣਾਉਣ
ਉਸ ਨਾਲ਼ ਮਿਲ਼ ਕੇ ਤੁਰਨ ਲਈ

ਝੂਠੀ-ਮੂਠੀ ਨਹੀਂ
ਸੱਚੇ ਰਿਸ਼ਤਿਆਂ ਦੀ ਸਾਂਝ ਵਿਚੋਂ
ਸਹਿਹੋਂਦ ਦਾ ਰਾਹ ਦਿਖਾਉਣ ਲਈ
ਆਪਣੀ ਸਾਂਝੀ ਦੁਨੀਆ ਨੂੰ ਬਚਾਉਣ ਲਈ

ਹਨੇਰੇ ਭਰਮਾਂ ਤੋਂ
ਰੌਸ਼ਨ ਭਰੋਸਿਆਂ ਦੇ ਰਾਹ ਫੜਨ
ਸੱਚੀ ਸਾਂਝ ਅਪਨਾ ਕੇ
ਜਹਾਨ ਨੂੰ ਰਹਿਣਯੋਗ ਕਹਾਉਣ ਲਈ
ਅਸਲ 'ਚ ਸਾਂਝੀ ਸੱਥ ਸਜਾਉਣ ਲਈ

❋❋❋

## ਸਾਂਝੇ ਸੱਚ ਦੀ ਤਲਾਸ਼

ਹਰ ਮਨੁੱਖ ਦਾ ਆਪਣਾ ਸੱਚ ਹੈ
ਤੇਰਾ ਸੱਚ ਤੇਰਾ ਸੱਚ
ਮੇਰਾ ਸੱਚ ਮੇਰਾ ਸੱਚ

ਕਿਉਂ ਨਾ
ਸਾਂਝੇ ਸੱਚ ਦੇ ਦੀਵੇ ਜਗਾਉਣ ਲਈ
ਸੰਭਾਵਨਾ ਦਾ ਘਿਉ ਪਾਇਆ ਜਾਵੇ
ਸੰਵਾਦ ਦਾ ਪੁਲ਼ ਬਣਾਇਆ ਜਾਵੇ

ਕਿ ਦਰਦ ਵੀ ਸਾਂਝਾ ਹੋ ਜਾਵੇ
ਹਾਸੇ ਵੀ ਹੋ ਜਾਣ ਸਾਂਝੇ
ਰੂਹਾਂ ਦੀਆਂ ਜੂਹਾਂ ਵਿਚ
ਉਮਲ-ਉਮਲ ਕੇ ਆਵੇ ਪਿਆਰ

ਕਿਉਂ ਨਾ ਹੋਇਆ ਜਾਵੇ
ਇਕ-ਦੂਜੇ ਦੇ ਹੋ ਕੇ
ਇਕ-ਦੂਜੇ ਲਈ!

❋❋❋

## ਹਕੀਕਤ ਦਾ ਸਫ਼ਰ

ਇਹ ਨਾ ਸਮਝੋ
ਮੈਂ ਹਾਰ ਗਿਆ ਹਾਂ
ਤੇ ਨਹੀਂ ਹੋਵਾਂਗਾ ਹੁਣ ਤੋਂ ਬਾਅਦ

ਗ਼ਲਤ ਸੋਚ ਰਹੇ ਹੋ
ਮੇਰਾ ਦਾਅਵਾ ਹੈ ਪੱਕਾ
ਕਿ ਨਾ ਹੋ ਕੇ ਵੀ ਹੋਵਾਂਗਾ

ਮੈਂ ਤਾਂ ਬਣਿਆ ਹਾਂ
ਆਸਾਂ ਦੀ ਮਿੱਟੀ ਦਾ
ਤਦੇ ਮੈਂ ਹੀ ਹਾਂ
ਜਿਸਨੇ ਉਠਾਉਣਾ ਹੈ
ਮਾਨਵਤਾ ਦਾ ਝੰਡਾ
ਦਿਖਾਉਣਾ ਹੈ—
ਮਨੁੱਖ ਅਤੇ ਮਨੁੱਖਤਾ ਵਿਚਕਾਰ
ਕਿਵੇਂ ਬਣਦੇ ਨੇ ਰਿਸ਼ਤੇ

ਤੇ ਹਾਂ
ਵੇਖ ਲੈਣਾ—
ਹਕੀਕਤ ਦਾ ਸਫ਼ਰ
ਕਲ੍ਹ ਹੀ ਹੋਵੇਗਾ ਸ਼ੁਰੂ

***

## ਹਾਰਿਆ ਜਾਂ ਜਿੱਤਿਆ

ਜਦ ਉਮਰ ਦਾ ਸਫ਼ਰ ਮੁੱਕਿਆ
ਹਾਸਲਾਂ ਨੇ ਉਹ ਰੰਗ ਦਿਖਾਇਆ
ਕਿ ਮਨ 'ਤੇ ਤਣ ਗਿਆ
ਯਾਦਾਂ ਦਾ ਪਰਛਾਵਾਂ

ਜ਼ਿੰਦਗੀ ਦੇ ਜਿੱਤਣ-ਹਾਰਨ ਦਾ
ਜਦ ਉੱਠਿਆ ਸਵਾਲ
ਗੱਲ ਇਸ ਥਾਂ ਮੁੱਕੀ
ਕਿ ਲਾਲਚੀ ਮਨ ਲਲਚਾਇਆ
ਖੱਟਿਆ ਹੋਇਆ ਵੀ ਗੁਆਇਆ
ਸਿਰਫ਼ ਸੰਤੁਸ਼ਟੀ ਦਾ ਗਿਲਾਫ ਚੜ੍ਹਾਇਆ

ਨੀਂਦ ਦਾ ਸੁਪਨਾ ਵੀ ਚੁਰਾਇਆ
ਖੁੱਲ੍ਹੀਆਂ ਅੱਖਾਂ ਨਾਲ਼ ਵੀ ਸਮਝ ਨਾ ਆਇਆ

ਕਿੱਥੇ-ਕਿੱਥੇ ਨਹੀਂ ਕੀਤਾ ਸਿਜਦਾ!
ਬਦਲੇ 'ਚ ਕੀ ਪਾਇਆ?
ਜਿਸ ਲਈ ਆਪਣਾ ਹਿੱਤ ਦਾਅ 'ਤੇ ਲਾਇਆ
ਉਹ ਵੀ ਕੋਲ਼ ਨਾ ਆਇਆ

***

## ਉਲਝਣ ਤੋਂ ਅਹਿਸਾਸ ਦੀ ਯਾਤਰਾ

ਹੁੱਸੜ ਤੋਂ ਬਾਅਦ
ਠੰਢੀ ਹਵਾ ਦਾ ਬੁੱਲਾ ਆਣਾ
ਮੌਸਮ ਬਦਲਣ ਦੇ ਭੁਲੇਖੇ ਦਾ
ਨਵਾਂ ਸੰਸਾਰ ਸਿਰਜਿਆ ਜਾਣਾ

ਪੰਛੀ-ਮਨ ਦਾ ਤੋੜ ਦੇਣੇ ਸਭ ਬੰਧਨ
ਇਧਰ ਤੋਂ ਉਧਰ
ਉਧਰ ਤੋਂ ਅਗਾਂਹ
ਨਿਕ਼ਲ ਪੈਣਾ ਇਕ ਹੋਰ ਯਾਤਰਾ 'ਤੇ
ਤੇ ਰੁਖ਼ ਕਰਨਾ
ਬੇਸਿਰਨਾਵੇਂ ਫ਼ਲਦਾਰ ਰੁੱਖ ਵਲ

ਦੋਚਿਤੀ ਦੇ ਨੇੜੇ-ਤੇੜੇ
ਵਿਚਾਰਾਂ ਦੀ ਨਵੀਂ ਸਥਾਪਨਾ
ਬਹੁਤ ਕੁਝ ਦੁਨਿਆਵੀ ਛੱਡਣਾ
ਮਨ ਤੋਂ ਦੂਰ ਹੋਣ ਦੀ
ਪ੍ਰਕਿਰਿਆ ਵਿਚੋਂ ਗੁਜ਼ਰਨਾ

ਕਿੰਨੀ ਅਜੀਬ ਹੈ ਦੌੜ ਇਹ
ਕਿ ਲਿਸ਼ਕ ਦੇਖ ਕੇ
ਆਮ ਸੋਚਣ ਦਾ ਭੁਲੇਖਾ ਖਾਣਾ
ਬਾਜ਼ਾਰ ਦਾ ਸੋਚ ਤੋਂ ਵੀ ਅੱਗੇ ਹੋਣਾ
ਤੇ ਉਸਨੂੰ ਫੜਦਿਆਂ
ਆਪ ਹੀ ਭਟਕ ਜਾਣਾ ਸੋਚਾਂ ਦਾ

ਹੱਥ-ਪੈਰਾਂ ਦੀ ਪਹੁੰਚ ਦਾ
ਮਨ ਤੋਂ ਪਾਰ ਜਾ ਕੇ
ਰਿਸ਼ਤਿਆਂ ਨੂੰ ਕਰ ਜਾਣਾ ਰੁੱਖਾ

ਆਖ਼ਰ ਇਹ ਹੀ ਮਿਲ਼ਦਾ ਹੈ
ਇਸ ਸਭ ਕੁਝ ਵਿਚੋਂ
ਝੂਠ ਦਾ ਉਭਾਰ
ਮਨ ਦਾ ਬੋਝ
ਤੇ ਨਜ਼ਰ ਤੋਂ ਗਿਰ ਜਾਣ ਤੋਂ ਇਲਾਵਾ
ਹੋਰ ਕੁਝ ਵੀ ਨਹੀਂ

ਦ੍ਰਿਸ਼ਟੀਗੋਚਰ ਹੋਣਾ
ਚਾਣਚੱਕ ਹੋਣਾ ਰੁਖ਼ਸਤ
ਤੇ ਫਿਰ ਹੋਣਾ ਰਿਸ਼ਤਿਆਂ ਤੋਂ ਵੀ ਬਾਹਰ
ਆਪਣੇ ਹੀ ਅਤੀਤ ਦੇ ਨਕਸ਼ ਮਿਟਾਉਣਾ
ਫਿਰ ਕੁਝ ਨਵੇਂ ਬਣਾਉਣਾ
ਕਿੰਨਾ ਦੁਖਦ ਹੈ
ਅਹਿਸਾਸਾਂ ਦੀ ਇਸ ਯਾਤਰਾ ’ਚੋਂ ਗੁਜ਼ਰਨਾ!

❉❉❉

## ਨਿੱਜ ਤੋਂ ਸਮੂਹਿਕ ਆਜ਼ਾਦੀ

ਖ਼ੁਦ ਨੂੰ ਕੋਸਣਾ
ਨਿੱਜ ਦੀ ਕਲਾਸੀਕਲ ਗ਼ੁਲਾਮੀ ਹੈ
ਗਹਿਰਾ ਜ਼ਖ਼ਮ ਹੈ
ਸਮੂਹਿਕ ਗ਼ੁਲਾਮੀ ਤੋਂ ਵੀ ਵੱਧ ਬਦਬੂਦਾਰ

ਆਜ਼ਾਦੀ ਤਾਂ ਇਕ ਦਰਿਆ ਹੈ
ਜੋ ਨਿੱਜ ਤੋਂ ਸਮੂਹ ਵਲ ਵਹੇ

ਨਿੱਜ ਤੋਂ ਸਮੂਹ ਵਲ ਵਧਦੇ ਕਦਮ ਨੇ—
ਕੁਦਰਤ ਤੇ ਮਨੁੱਖ ਵਿਚ ਘਣਾ ਨਾਤਾ
ਸਵਾਲਾਂ ਨਾ.ਲ ਰਹਿਣਾ ਵਾਬਸਤਾ
ਆਪਣੀਆਂ ਬੰਦਿਸ਼ਾਂ ਨੂੰ ਉਧੇੜਨ ਦਾ ਅਹਿਸਾਸ
ਕਲਪਨਾ ਤੋਂ ਹਕੀਕਤ ਦਾ ਸਫ਼ਰ

ਆਜ਼ਾਦੀ ਬਾਜ਼ਾਰੀ ਚੀਜ਼ ਨਹੀਂ
ਵਿਕ ਜਾਵੇ ਜੋ ਸੌਦੇ ਨਾਲ਼
ਕੀਮਤੀ ਤੇ ਜ਼ਰਖ਼ੇਜ਼ ਮਿੱਟੀ ਹੈ
ਵਾਹੀ ਲਈ ਮੰਗਦੀ ਹੈ ਸਖ਼ਤ ਮਿਹਨਤ

ਆਜ਼ਾਦ ਹੋਣਾ ਚੁਣੌਤੀ ਹੈ
ਅਸਲ ਵਿਚ 'ਹੋਣਾ' ਹੈ
ਸਿਰਫ਼ ਮਨ ਦੀ ਸਥਿਤੀ ਨਹੀਂ

ਜਿਹੜਾ ਅੱਖਾਂ 'ਚ ਲੈ ਕੇ ਡੁੱਬਦਾ ਸੂਰਜ
ਮਿਹਨਤ ਵੇਚਣ ਲਈ
ਆ ਖੜ੍ਹਦਾ ਚੌਕ ਵਿਚ
ਤੇ ਰਾਤੀਂ ਪੀ ਜਾਂਦਾ ਹੈ
ਥਕਾਵਟ ਦੀ ਪਿਆਸ

ਉਸ ਨਾਗਰਿਕ ਦੀ ਸੰਵਾਦ ਵਿਚ ਸ਼ਮੂਲੀਅਤ
ਸਵਾਲ ਉਠਾਉਣ ਦੀ ਹਿੰਮਤ
ਬਣਦੇ ਨੇ ਮਨੁੱਖੀ ਕਦਰਾਂ-ਕੀਮਤਾਂ ਦਾ ਦਰਪਨ
ਕੁਦਰਤੀ ਆਜ਼ਾਦੀ ਦੇ ਬੀਜ
ਵਿਕਸਦੇ ਵਿਚਾਰਾਂ ਦੇ ਖ਼ੁਸ਼ਬੂਦਾਰ ਬਿਰਖ
ਰੁਮਕਦੀ ਆਜ਼ਾਦ ਹਵਾ
ਆਜ਼ਾਦੀ ਦਾ ਸਦੀਵੀ ਪੈਗ਼ਾਮ

❉❉❉

## ਸਾਹਾਂ ਦੀ ਪੂੰਜੀ

ਉਹ ਉਮਰ ਭਰ
ਧਰਮ-ਪੋਥੀਆਂ ਦੇ ਸਫ਼ਿਆਂ ਵਿਚੋਂ
ਬੁਝਾਉਂਦਾ ਰਿਹਾ ਆਪਣੀ ਜਿਗਿਆਸਾ ਦੀ ਪਿਆਸ
ਸਮੇਂ ਦੇ ਪ੍ਰਵਾਹ ਦੀ ਰੇਤ 'ਤੋਂ ਲੱਭਦਾ ਰਿਹਾ
ਆਪਣੇ ਅਸਤਿਤਵ ਦੇ ਨਿਸ਼ਾਨ

ਉਮਰ ਭਰ ਭੱਜ-ਦੌੜ ਕਰਦਿਆਂ
ਕਦੇ ਨਾ ਆਇਆ ਉਸਦੇ ਹੱਥ 'ਚ
ਭਟਕਣਾ ਮਿਟਾਉਂਦਾ ਕੋਈ ਸ਼ਬਦ
'ਧਰਮੀ' ਹੋਣ ਦਾ ਭਰਮ—
ਬਣਿਆ ਰਿਹਾ ਉਸਦੀ ਮਾਨਸਿਕ ਲੋੜ

ਬੁਢਾਪੇ ਦੀ ਦਹਿਲੀਜ਼ 'ਤੇ
ਉਸਦੇ ਦਰਸ਼ਕ ਸਨ
ਪਾਰਕ ਦੇ ਸੁੰਨੇ ਬੈਂਚ
ਜਿੱਥੇ ਆਪਣੇ ਅੰਦਰਲੇ ਮੌਨ ਨੂੰ
ਸ਼ਬਦਾਂ ਦਾ ਚੋਗਾ ਪੁਆ ਕੇ
ਵੰਡਦਾ ਰਿਹਾ ਲੋਕਾਂ ਵਿਚ
'ਗਿਆਨੀ' ਬਣ ਕੇ ਨਾਕਾਮੀ ਨੂੰ
ਸਿਖਾਉਂਦਾ ਰਿਹਾ ਹੌਸਲੇ ਦੀ ਭਾਸ਼ਾ

ਅਖ਼ੀਰ ਜਿਸਮ ਹੋ ਗਿਆ ਨਾਬਰ
ਹਸਪਤਾਲ ਵਿਚ ਟਿਊਬਾਂ, ਮਸ਼ੀਨਾਂ
ਫੜ ਕੇ ਸਾਹਾਂ ਦੀ ਰੱਸੀ
ਮਨਾਉਂਦੀਆਂ ਰਹੀਆਂ ਜ਼ਿੰਦਗੀ ਨੂੰ
ਨਾਕਾਮੀ ਨੂੰ ਦਿੰਦੀਆਂ ਰਹੀਆਂ ਹੌਂਸਲੇ ਦੀ ਦਵਾ

ਹਸਪਤਾਲ ਦੇ ਬੈੱਡ ਤੇ ਮੌਤ ਦੇ ਦਰਮਿਆਨ
ਜੀਊਂਦਾ ਰਹਿੰਦਾ ਹੈ ਨਿਸ਼ਬਦ
ਧਰਮ ਬਣ ਜਾਂਦਾ ਹੈ ਖ਼ਾਲੀਪਣ ਲਈ
ਜਾਂਦੀ ਦਫ਼ਾ ਦਾ ਸਹਾਰਾ

ਸੁੰਨ ਹੋ ਗਈ ਜਦ ਸਾਹਾਂ ਦੀ ਪੂੰਜੀ
ਲਪੇਟ ਕੇ ਸਰੀਰ ਨੂੰ ਧਰਮ ਦੀਆਂ ਚਾਦਰਾਂ ਨਾਲ਼
ਰਸਮੀ ਪੜ੍ਹ ਕੇ ਮੰਤਰ
ਤੋਰ ਦਿੱਤਾ ਆਖਰੀ ਸਫ਼ਰ 'ਤੇ

ਇਹ ਕਿਹੋ ਜਿਹੀ ਵੰਡ ਹੈ?
ਜਿਊਂਦੇ ਜੀਅ ਸਰੀਰ ਲਈ ਦਵਾਵਾਂ ਨੇ
ਮਨ ਦੀ ਟੁੱਟ-ਭੱਜ ਲਈ ਦੁਆਵਾਂ ਨੇ

❊❊❊

## ਚਾਨਣ ਦੇ ਸਾਏ

ਵਿਸ਼ਾਲ ਹਾਲ ਦੇ ਚਾਨਣ ’ਚ
ਉੱਚੀ ਸਟੇਜ ਉੱਤੇ
ਕੁਰਸੀਆਂ ਦੀ ਕਤਾਰਾਂ ਵਿਚ
ਸਜੇ ਹੋਏ ਸਨ ਅਹੰਕਾਰ

ਚਿਹਰਿਆਂ ’ਤੇ ਰਸਮੀ ਚਮਕ
ਚਾਨਣ ਪਿੱਛੇ ਛੁਪੇ ਸਾਏ
ਉਹੀ ਪੁਰਾਣੇ ਨਕਾਬ
ਨਵੇਂ ਨਾਵਾਂ ਨਾਲ਼

ਸਿਫ਼ਤਾਂ ਦੀ ਸਿਫ਼ਤ ਵਿਚ
ਉੱਛਲਦੇ ਬੋਲ
ਹਰ ਸ਼ਬਦ ਉਤਸੁਕ
ਤਾਲੀ ਦੀ ਉਡੀਕ ਵਿਚ

ਭੀੜ ਤਕਦੀ ਰਹਿੰਦੀ
ਸੋਚਦੀ ਸ਼ਾਇਦ
ਇਹੀ ਹੈ ਤਬਦੀਲੀ ਦਾ ਰੰਗ
ਨਵਾਂ ਸਵੇਰਾ

ਪਰ ਜਦ ਮੱਧਮ ਪਿਆ ਚਾਨਣ
ਸਾਏ ਲੰਮੇ ਹੋਏ
ਸਟੇਜ ਖ਼ਾਲੀ
ਤੇ ਲੋਕ ਆਪਣੀ ਰਾਹ ਪਏ

ਬਚ ਗਿਆ ਪਿੱਛੇ ਸਿਰਫ਼ ਇਕ ਪ੍ਰਸ਼ਨ—
ਸਟੇਜ ’ਤੇ ਪਸਰੇ ਚਾਨਣ ਦੀ ਬਦੌਲਤ
ਲੰਮੇ ਹੋਏ ਸਾਇਆਂ ’ਚ
ਕਿੰਨਾ ਕੁ ਘਟਿਆ ਹਨੇਰਾ?

❊❊❊

## ਮੇਰਾ ਵਜੂਦ ਮੇਰੀ ਪਛਾਣ

ਮੈਂ ਕੀ ਹਾਂ?
ਮੈਂ ਜਾਣਦੀ ਹਾਂ
ਤੂੰ ਕਿਉਂ ਨਹੀਂ?

ਮੈਂ ਵੀ ਜਨਮੀ ਹਾਂ ਤੇਰੇ ਵਾਂਗ
ਕੁੱਖੋਂ ਲੈ ਕੇ ਆਜ਼ਾਦ ਵਜੂਦ
ਮੈਨੂੰ 'ਮੈਂ' ਹੀ ਰਹਿਣ ਦੇ

ਤੂੰ ਤੇ ਤੇਰੀ ਦੁਨੀਆ ਨੇ
ਰੀਤਾਂ ਦੇ ਟੈਗ ਲਾ ਕੇ
ਆਪਣੀ ਲੋੜ ਅਨੁਸਾਰ ਢਾਲ਼ਿਆ ਮੈਨੂੰ

ਮਗਰ ਮੇਰਾ ਵਜੂਦ ਤਾਂ ਮੇਰਾ ਹੈ
ਗ਼ੁਲਾਮ ਬਣ ਕੇ
ਕਿਉਂ ਤੇ ਕਿਵੇਂ ਤੁਰਾਂ ਤੇਰੇ ਪਿੱਛੇ-ਪਿੱਛੇ?
ਤੂੰ ਆਪਣੇ ਜੀਵਨ ਦਾ ਕਰਤਾ ਹੈਂ
ਮੇਰੇ ਜੀਵਨ ਦਾ ਤਾਂ ਨਹੀਂ
ਫਿਰ ਮੈਂ ਹੀ ਕਿਉਂ
ਸਹਿਹੋਂਦ ਤੇ ਪਿਆਰ ਦੇ ਰਿਸ਼ਤੇ ਵਿਚ
ਗੁਆ ਲਵਾਂ ਆਪਣਾ ਵਜੂਦ?

ਕਿਉਂ ਨਾ ਮੇਰੀ ਸਮਝ
ਮੈਨੂੰ ਸਮਝਦਿਆਂ ਅੱਗੇ ਤੁਰੇ?
ਕਿਉਂ ਨਾ ਮੇਰਾ 'ਹੋਣਾ' ਨਿਖਰੇ-ਸੰਵਰੇ?
ਕਿਉਂ ਨਾ ਮੈਂ ਆਪਣੇ ਆਪ ਦੀ
ਖ਼ੁਦ ਲਵਾਂ ਜ਼ਿੰਮੇਵਾਰੀ?

ਕਿਉਂ ਨਾ ਮੇਰਾ ਵਜੂਦ ਹੀ ਹੋਵੇ
ਮੇਰੀ ਪਛਾਣ?

***

## ਮੇਰੀ ਹਸਤੀ

ਦੁਨੀਆ ਦੀਆਂ ਨਜ਼ਰਾਂ 'ਚ
ਬੇਢੰਗੀ ਹੀ ਸਹੀ ਮੇਰੀ ਸ਼ਕਲ
ਤੇਜਹੀਣ ਚਿਹਰਾ
ਹਮੇਸ਼ਾ ਮੇਰੇ ਨਾਲ਼ ਰਹੇ ਪਰ ਦੋਵੇਂ
ਦੁਸ਼ਵਾਰੀਆਂ ਦੇ ਸ਼ੋਰ ਵਿਚ
ਬਣਦੀ-ਬਿਖਰਦੀ ਭੀੜ ਵਿਚ

ਮੈਂ ਫਿਰ ਵੀ ਵਧਿਆ ਅੱਗੇ
ਸੰਘਰਸ਼ ਕਰਦਿਆਂ ਆਪਣੀ ਪਛਾਣ ਲਈ
ਕਿਸ ਦੀ ਨਜ਼ਰ
ਮੇਰੇ 'ਤੇ ਠਹਿਰੀ ਕਿਸ ਦੀ ਨਾ
ਅਹਿਮ ਨਹੀਂ ਮੇਰੇ ਲਈ

ਪਰ ਮੇਰੀ ਉਦਾਸੀ ਨੇ ਵੀ ਸਦਾ
ਕੀਤਾ ਮੰਜ਼ਿਲ ਵਲ ਇਸ਼ਾਰਾ
ਮੇਰੀ ਮਿਹਨਤ ਨੂੰ ਸਾਰਥਕ ਬਣਾਇਆ
ਅੰਦਰੋਂ ਮਜ਼ਬੂਤ ਰੱਖਿਆ
ਸੱਚ ਅਤੇ ਝੂਠ ਦਾ ਸਮਝਾਇਆ ਅੰਤਰ

ਤਾਂ ਹੀ ਅੱਜ ਮੈਂ ਖੜ੍ਹਾ ਹਾਂ
ਤਰਕ ਦੇ ਰਾਹ 'ਚ ਉਸ ਮੁਕਾਮ 'ਤੇ
ਜਿੱਥੇ ਮੇਰਾ ਅਤੇ ਮੇਰੀ ਹਸਤੀ ਦਾ ਸੰਵਾਦ
ਵੇਖ ਰਿਹਾ ਹੈ ਕੁਝ ਦੂਰੀ 'ਤੇ
ਮੰਜ਼ਿਲ ਦੇ ਸਾਕਾਰ ਨਕਸ਼

❁❁❁

## ਮੈਂ ਹੀ ਹਾਂ ਉਹ

ਮੈਂ ਹੀ ਹਾਂ ਉਹ—
ਜਿਸਦੇ ਅੰਦਰ ਕੁਝ ਅਜਿਹਾ ਸੀ
ਜੋ ਨਾ ਖ਼ਾਸ ਨਾ ਆਮ ਸੀ
ਜਿਹਦੇ 'ਚ ਆਪਣੇ ਸਵੈ ਦੀ ਰਾਖੀ ਲਈ
ਬੇਕਰਾਰੀ ਬਰਕਰਾਰ ਸੀ

ਮੈਂ ਹੀ ਹਾਂ -
ਧਰਤੀ ਦੀ ਕੁੱਖ 'ਚੋਂ ਜੰਮਿਆ
ਖੁੱਲ੍ਹੇ ਆਸਮਾਨ ਹੇਠ
ਬਣਿਆ ਬੇਗਾਨੀ ਧਰਤੀ ਦਾ ਬਸ਼ਿੰਦਾ
ਜਿਸਨੂੰ ਮੈਂ ਆਪਣੀ ਸਮਝਿਆ

ਮੈਂ ਹੀ ਹਾਂ
ਜਿਸ ਤੋਂ ਨਾ ਹੋ ਸਕਿਆ ਸਮਝੌਤਾ
ਨਾਗਵਾਰ ਸ਼ਰਤਾਂ ਦੀ ਕੈਦ ਨਾਲ਼
ਪਾਕ ਪੁਸਤਕਾਂ ਨਾਲ਼
ਕਨੂੰਨੀ ਉਲਝਣਾਂ ਨਾਲ਼

ਮੈਂ ਹੀ ਹਾਂ
ਫਿਰ ਵੀ ਜੀਊਂਦਾ ਰਿਹਾ
ਜੂਝਦਾ ਰਿਹਾ ਹਾਲਾਤ ਨਾਲ਼
ਮੁਸ਼ਕਲ ਸਮਿਆਂ ਵਿਚ ਵੀ
ਨਾ ਕੀਤੀ ਰੂਹ ਆਪਣੀ ਦਾਗ਼ਦਾਰ

ਉਨ੍ਹਾਂ ਮਨੁੱਖਾਂ 'ਚੋਂ ਹਾਂ ਮੈਂ
ਜਾਰੀ ਰੱਖਦੇ ਨੇ ਜੋ
ਮਨੁੱਖ ਦੇ ਮਨੁੱਖ ਰਹਿਣ ਲਈ ਸੰਘਰਸ਼
ਫੜਾਉਂਦੇ ਨੇ ਅਗਲੀ ਨਸਲ ਨੂੰ
ਮਨੁੱਖੀ ਅਧਿਕਾਰਾਂ ਦੀ ਬਲ਼ਦੀ ਮਸ਼ਾਲ

***

## ਮੈਂ ਉਹ ਨਹੀਂ

ਸੰਸਾਰ ਦੇ ਜਿਸ ਹਿੱਸੇ
ਜਿਸ ਦੇਸ਼, ਰਾਜ, ਪਿੰਡ ਜਾਂ ਘਰ ਵਿਚ
ਮੈਂ ਪੈਦਾ ਹੋਇਆ
ਉਹ ਮੇਰੇ ਹੱਥ-ਵੱਸ ਨਹੀਂ ਸੀ

ਮੇਰੇ ਮਾਪੇ ਕੌਣ ਹੋਣਗੇ
ਕਿੱਥੇ ਦੇ ਰਹਿਣ ਵਾਲ਼ੇ
ਸਥਾਈ ਰਿਹਾਇਸ਼
ਜਾਂ ਰਿਫ਼ਿਊਜ਼ੀ ਸਿਰਨਾਵੇਂ ਵਾਲ਼ੇ
ਇਹ ਵੀ ਮੇਰੇ ਚੁਣੇ ਹੋਏ ਨਹੀਂ ਸਨ

ਕਿਹੜੇ ਧਰਮ ਜਾਂ ਜਾਤ ਦਾ ਹਾਂ
ਇਹ ਫ਼ੈਸਲਾ ਵੀ ਮੇਰਾ ਨਹੀਂ ਸੀ
ਪਰ ਚਿਪਕਾ ਦਿੱਤਾ ਗਿਆ
ਮੇਰੇ ਨਾਮ ਨਾਲ਼ ਪੂਰੇ ਜੀਵਨ-ਕਾਲ ਤੀਕ

ਮੇਰੇ ਚੁਫੇਰੇ ਦੀ ਭਾਸ਼ਾ ਨੂੰ
ਮਾਂ ਦੇ ਦੁੱਧ ਨਾਲ਼ ਜੋੜ ਕੇ
ਮਾਂ-ਬੋਲੀ ਕਿਹਾ ਗਿਆ

ਆਪਣੇ ਸਵਾਰਥਾਂ ਲਈ
ਚਾਲਾਕ ਲੋਕਾਂ ਵੱਲੋਂ
ਖਿੱਚੀ ਲਕੀਰ ਦਾ ਸ਼ਿਕਾਰ
ਜੋ ਹੁੰਦਾ ਹੈ ਆਰ-ਪਾਰ
ਮੈਂ ਹੀ ਤਾਂ ਹਾਂ

ਪਰ ਮੇਰੇ ਅੰਦਰ ਵੀ
ਮਨੁੱਖ ਵਾਂਗ ਲਾਲ ਖ਼ੂਨ ਵਹਿੰਦਾ ਹੈ
ਸਾਹਾਂ ਦਾ ਚੱਲਦਾ ਹੈ ਸੰਸਾਰ

ਮੇਰਾ ਹੱਕ ਤਾਂ ਬਣਦਾ ਹੈ
ਗੱਲਾਂ ਕਰਨੀਆਂ ਖ਼ੁਦ ਨਾਲ਼
ਜਾਨਣਾ ਆਪਣੇ-ਆਪ ਨੂੰ
ਰਾਹ ਖੋਲ੍ਹਣੇ ਆਪਣੇ ਲਈ ਆਪ
ਜੀਵਨ ਜਿਊਣਾ ਆਪਣੇ ਅਨੁਸਾਰ

ਸਾਬਤ ਕਰਨਾ—
ਵਕਤ ਨੇ ਬਥੇਰਾ ਆਜ਼ਮਾਇਆ ਮੈਨੂੰ
ਪਰ ਮੈਂ ਉਹ ਨਹੀਂ
ਜਿਵੇਂ ਮੈਨੂੰ ਬਣਾਇਆ ਗਿਆ
ਜਾਂ ਜਿਵੇਂ ਥਾਂ-ਕੁਥਾਂ ਦਿਖਾਇਆ ਗਿਆ

❊❊❊

## ਭੀੜ ਤੋਂ ਪਰ੍ਹੇ

ਖੌਫ ਤਾਂ ਰਗ-ਰਗ ਵਿਚ
ਪਹਿਲਾਂ ਹੀ ਫੈਲ ਚੁੱਕਾ ਹੈ

ਸ਼ਹਿਰ ਦੀ ਭੀੜ ਤੋਂ ਦੂਰ
ਇਕ ਸੁੰਨਸਾਨ ਸੜਕ ’ਤੇ
ਤੁਰ ਪਿਆ ਹਾਂ ਪਰ ਬੇਖ਼ੌਫ਼
ਸਕੂਨ ਦੀ ਤਲਾਸ਼ ’ਚ

ਇਸ ਉਮੀਦ ਨਾਲ਼
ਕਿ ਕਦੇ ਤਾਂ ਸੁੰਨਸਾਨ ਰਾਹ ’ਤੇ
ਮਿਲ਼ ਜਾਵੇਗਾ
ਕੋਈ ਆਪਣੇ ਵਰਗਾ

ਦੌੜ ਨਹੀਂ ਜਾਣਾ ਮੈਂ
ਕਿਤੇ ਦੂਰ ਪਹਾੜਾਂ-ਜੰਗਲ਼ਾਂ ਵਿਚ
ਭੀੜ ’ਚੋਂ ਹੀ ਬਣਾਉਣਾ ਹੈ ਸਾਥ

ਕਦੇ ਤਾਂ ਹੋ ਕੇ
ਭੀੜਾਂ ਦੇ ਗ਼ੁਬਾਰ ਤੋਂ ਖ਼ਾਲੀ
ਤੁਰ ਪੈਣਗੇ ਦਿਲ-ਦਿਮਾਗ਼
ਜ਼ਿੰਦਗੀ ਦੀ ਦੂਰ ਤਕ ਜਾਂਦੀ
ਕਿਸੇ ਸ਼ਾਂਤ ਸੜਕ ’ਤੇ
ਪੁਰਾਣੇ ਨੂੰ ਛੱਡ ਕੇ
ਨਵਾਂ ਭਾਲਣ-ਅਪਨਾਉਣ ਲਈ

ਜ਼ਿੰਦਗੀ ਗੁਜ਼ਰੇ ਕਲ੍ਹ
ਤੇ ਆਉਣ ਵਾਲੇ ਕਲ੍ਹ ਦਾ
ਸੰਭਾਵੀ ਸੁਮੇਲ ਹੀ ਤਾਂ ਹੈ

❋❋❋

## ਵਕਤ ਦੀ ਧੁੰਦ 'ਚ ਗੁਆਚੀ ਪਛਾਣ

ਮੈਂ ਪਿੱਛੇ ਮੁੜ ਕੇ
ਦੂਰ ਤਕ ਨਜ਼ਰ ਦੌੜਾਈ

ਵਕਤ ਦੇ ਅਣਜਾਣ ਫ਼ੈਸਲਿਆਂ ਦੀ
ਫੈਲੀ ਸੰਘਣੀ ਧੁੰਦ ਨੇ
ਸਪੱਸ਼ਟ ਦਿਸਦੇ ਚਿਹਰੇ
ਧੁੰਦਲਾ ਕੇ ਕਰ ਦਿੱਤੇ ਸਨ ਬੇਗਾਨੇ

ਮੈਂ ਵੇਖ ਕੇ ਸਭ ਕੁਝ
ਉੱਚੀ ਸੁਰ ਵਿਚ ਚੀਕਿਆ
ਪਰ ਚੀਕ ਅਣਸੁਣੀ ਰਹੀ

ਲੱਗਾ ਜਿਵੇਂ ਮੈਂ ਉਹ ਨਹੀਂ ਰਿਹਾ
ਤੇ ਉਨ੍ਹਾਂ ਦਾ ਮਨ ਵੀ
ਹੋ ਗਿਆ ਹੋਰ ਦਾ ਹੋਰ

ਕਲ੍ਹ ਨੂੰ ਸ਼ਾਇਦ
ਅਸੀਂ ਇਕ-ਦੂਜੇ ਨੂੰ
ਨਹੀਂ ਪਛਾਣ ਸਕਾਂਗੇ
ਤੇ ਚਿਹਰਿਆਂ 'ਤੇ ਲਗਾ ਕੇ ਮਖੌਟੇ
ਕਹਿ ਦਿਆਂਗੇ ਇਕ-ਦੂਜੇ ਨੂੰ ਅਲਵਿਦਾ

❊❊❊

## ਵਜੂਦ ਦਾ ਸਮਤੋਲ

ਉਹ ਪਹਿਲਾਂ ਜੰਮੀ
ਕੁਦਰਤ ਦਾ ਨਿਰਵਿਕਾਰ ਸੁਰ
ਮੈਂ ਬਾਅਦ ਵਿਚ
ਸਮਾਜ ਦਾ ਘੜਿਆ ਹੋਇਆ ਸ਼ੋਰ

ਉਹ ਸੁਪਨਿਆਂ ਦੇ ਨਰਮ ਧਾਗਿਆਂ ਨਾਲ਼
ਆਪਣਾ ਪੇਕਾ ਬੁਣਦੀ ਰਹੀ
ਮੈਂ ਅਹੰਕਾਰ ਦੇ ਸੂਤ ਨਾਲ਼
ਬਣਾਉਂਦਾ ਰਿਹਾ ਮਰਦ ਹੋਣ ਦਾ ਜਾਲ
ਇਕੋ ਵਿਹੜੇ ਵਿਚ
ਪਲ਼ਦੇ ਰਹੇ ਦੋ ਅਲੱਗ ਜਹਾਨ

ਜਵਾਨੀ ਦੇ ਦਰਿਆ ਨੇ
ਛੂਹੇ ਜਦ ਵੰਡ ਦੇ ਕੰਢੇ
ਨਕਸ਼ੇ ਖਿੱਚੇ ਗਏ ਦੋਹੀਂ ਪਾਸੀਂ

ਉਸਦਾ ਹਿੱਸਾ ਰਿਹਾ ਹਮੇਸ਼ਾਂ ਰੇਖਾ ਤੋਂ ਬਾਹਰ
ਮੇਰੇ ਹਿੱਸੇ ਘਰ ਆਇਆ
ਉਸ ਦੇ ਹਿੱਸੇ ਵਿਛੋੜਾ

ਉਹ ਘਰ ਦੀ ਹੋ ਗਈ
ਪਰ ਫ਼ੈਸਲਿਆਂ ਦੀ ਦਹਿਲੀਜ਼ 'ਤੇ ਅਜਨਬੀ ਰਹੀ
ਹੁਣ ਨਾ ਪੇਕੇ ਘਰ ਦਾ ਲਾਡ ਰਿਹਾ
ਨਾ ਸਹੁਰੇ ਘਰ ਦੀ ਠੰਢੀ ਛਾਂ

ਮੈਂ ਘਰ ਦੇ ਗੇੜ ਵਿਚ
ਭਟਕਦਾ ਗ੍ਰਹਿ ਬਣ ਗਿਆ,
ਵਕਤ ਦੀ ਗਰਾਰੀ ਇਕ ਨਿਗੂਣਾ ਦੰਦਾ
ਜਿੱਥੇ ਮਸ਼ੀਨੀ ਸ਼ੋਰ ਹੇਠ
ਕੁਚਲੀ ਜਾਂਦੀ ਰਹੀ ਜ਼ਿੰਦਗੀ

ਰਿਸ਼ਤੇ ਮੁੱਠੀ ਵਿਚਲੀ ਰੇਤ ਵਾਂਗ
ਕਿਰ ਗਏ ਚੁੱਪ-ਚਾਪ
ਦੋਸਤਾਂ ਦੇ ਹਾਸੇ
ਉੱਡ ਗਏ ਯਾਦਾਂ ਦੀ ਧੂੜ ਬਣ ਕੇ

ਪਿੱਤਰਸੱਤਾ
ਇਕ ਅਦ੍ਰਿਸ਼ ਤਾਜ
ਸਿਰ 'ਤੇ ਤਾਂ ਸਜਿਆ
ਪਰ ਅੰਦਰੋਂ ਖੋਖਲਾ ਕਰਦਾ ਰਿਹਾ

ਮਨੁੱਖ ਬਣਨ ਤੋਂ ਪਹਿਲਾਂ ਹੀ
ਮੈਂ ਮਰਦ ਹੋਣ ਦੇ ਭਰਮ ਵਿਚ ਕੈਦ ਰਿਹਾ
ਜੋ ਕਦੇ ਸਿਰ ਦੀ ਛੱਤ ਸੀ
ਪੈਰਾਂ ਹੇਠਲਾ ਫਰਸ਼ ਹੈ

ਤਾਲਿਆਂ ਦੀ ਖ਼ਾਮੋਸ਼ ਜੰਗ ਵਿਚ
ਜੰਮ ਗਈ ਵਕਤ ਦੀ ਦਾਸਤਾਨ
ਕਦੇ ਮੈਂ ਹੀ ਦਰਵਾਜ਼ਾ ਸੀ—ਆਉਣ-ਜਾਣ ਦੀ ਆਸ
ਹੁਣ ਇਕ ਭੁੱਲਿਆ ਕਿਵਾੜ ਹਾਂ
ਜਿਸਨੂੰ ਖੋਲ੍ਹਣ ਵਾਲ਼ਾ ਨਹੀਂ ਕੋਈ
ਵਿਹੜੇ ਵਿਚ ਉੱਗਿਆ ਉਲਝਣਾਂ ਦਾ ਜੰਗਲ਼
ਅੰਦਰਲੇ ਸੁੰਨੇਪਣ ਦਾ ਸਾਇਆ ਹੈ

ਹਨੇਰੇ ਦੀ ਗੋਦ ਵਿਚ ਬੈਠਾ
ਵਕਤ ਦੇ ਸਾਏ ਨਾਲ਼ ਕਰਦਾ ਹਿਸਾਬ
ਆਪਣੇ-ਆਪ ਤੋਂ ਵੀ
ਹੋ ਗਿਆ ਹਾਂ ਬੇਗਾਨਾ

ਹੁਣ ਨਾ ਕੋਈ ਸ਼ਿਕਵਾ
ਨਾ ਕੋਈ ਗਿਲਾ
ਸਿਰਫ਼ ਖ਼ਾਮੋਸ਼ ਸਮਝੌਤਾ ਹੈ

ਸਿੱਖ ਲਿਆ ਹੈ
ਕਿ ਵਜੂਦ ਦਾ ਸਮਤੋਲ ਹੀ
ਜ਼ਿੰਦਗੀ ਹੈ
ਕਵਿਤਾ ਹੈ

❋❋❋

## ਮੁਖੌਟਿਆਂ ਦੀ ਨੁਮਾਇਸ਼

ਮੈਂ ਰੰਗ ਉਧਾਰੇ ਮੰਗ ਲਏ
ਕੁਝ ਤੇਰੇ ਝੂਠੇ ਜਸ਼ਨਾਂ ਚੋਂ
ਕੁਝ ਆਪਣੀਆਂ ਡੂੰਘੀਆਂ ਹਸਰਤਾਂ ’ਚੋਂ

ਮੇਰਾ ਚਿਹਰਾ ਮੇਰਾ ਨਹੀਂ ਰਿਹਾ
ਬਣ ਗਿਆ ਹੈ ਚਿੱਤਰਕਾਰੀ ਦਾ ਸਵਾਂਗ
ਜਿਸਨੂੰ ਦੁਨੀਆ ‘ਸਲੀਕਾ’ ਕਹਿੰਦੀ ਹੈ

ਅੰਦਰ ਇਕ ਸਮੁੰਦਰ ਹੈ
ਖ਼ਾਮੋਸ਼ ਵੀ ਤੇ ਖੌਲਦਾ ਵੀ
ਜਿਸਦੇ ਕਿਨਾਰਿਆਂ ’ਤੇ
ਉਸਾਰ ਲਈਆਂ ਮੈਂ ਸਬਰ ਦੀਆਂ ਕੰਧਾਂ

ਹੱਸਣਾ ਹੁਣ ਸ਼ੌਕ ਨਹੀਂ ਰਿਹਾ
ਸਮਾਜਿਕ ਜ਼ਿੰਮੇਵਾਰੀ ਹੈ,
ਤੇ ਰੋਣਾ ਜ਼ਿੰਮੇਵਾਰੀਆਂ ’ਚ ਗੁਨਾਹ
ਜੋ ਸਿਰਫ਼ ਇਕਾਂਤ ਵਿਚ ਹੁੰਦਾ ਹੈ

ਸ਼ਹਿਰ ਦੀਆਂ ਕੰਧਾਂ 'ਤੇ
ਸਵਾਲ ਚੀਕਦੇ ਨਹੀਂ
ਇਸ਼ਤਿਹਾਰ ਬਣ ਗਏ ਨੇ
ਚੁੱਪ ਤੇ ਵਿਕਾਊ

ਅਸੀਂ ਭਟਕਣ ਨੂੰ ਰਸਤਾ ਮੰਨ ਬੈਠੇ
ਤੇ ਜ਼ੰਜੀਰਾਂ ਦੇ ਰੰਗ ਬਦਲਣ ਨੂੰ
ਦੇ ਦਿੱਤਾ ਆਜ਼ਾਦੀ ਦਾ ਨਾਮ

ਤਾਕਤ ਹੁਣ ਲੜਦੀ ਨਹੀਂ
ਮੰਚ ਬਦਲਦੀ ਹੈ
ਕਦੇ ਧਰਮ ਬਣ ਕੇ ਬੋਲਦੀ ਹੈ
ਕਦੇ ਤਰੱਕੀ ਦਾ ਨਕਸ਼ਾ ਬਣ ਕੇ
ਪਰ ਹਰ ਵਾਰ
ਕਤਲ ਸੱਚ ਦਾ ਹੀ ਹੁੰਦਾ ਹੈ

ਅਸੀਂ ਰੰਗੀਨ ਨੌਟੰਕੀ ਦੇ
ਕਾਮਯਾਬ ਅਦਾਕਾਰ ਹਾਂ
ਜਿੱਥੇ ਜਿੱਤ ਉਸਦੀ ਹੁੰਦੀ ਹੈ
ਜੋ ਪਹਿਨਦਾ ਹੈ ਸਭ ਤੋਂ ਢੁਕਵਾਂ ਮੁਖੌਟਾ

❉❉❉

## ਮੈਂ ਸਵਾਲ ਹਾਂ

ਉਹ ਪੁੱਛਦੇ ਨੇ ਮੈਨੂੰ ਮੇਰੀ ਹੋਂਦ ਦਾ ਖ਼ਮੀਰ
ਤੇ ਮੇਰੇ ਅੰਦਰੋਂ ਉੱਠਦੀ ਹੈ
ਸਦੀਆਂ ਪੁਰਾਣੀ ਇਕ ਗੂੰਜ

ਮੈਂ ਕਹਿਨਾਂ
ਬਦਲਾਅ ਦਾ ਵਿਚਾਰ ਮਖੌਟਾ ਧਾਰਨਾ ਨਹੀਂ
ਯੁੱਧ ਹੈ ਅਣਪਛਾਤੇ ਹੱਥਾਂ ਖ਼ਿਲਾਫ਼
ਜਿਨ੍ਹਾਂ ਨੇ ਉੱਕਰਿਆ ਹੈ ਮੇਰੀ ਕਾਇਆ ਵਿਚ
ਕਈਆਂ ਪੀੜ੍ਹੀਆਂ ਤੋਂ ਚੇਤਨਾ ਨੂੰ

ਮੇਰੇ ਅੰਦਰ ਉਹ ਫ਼ੈਸਲੇ ਸਾਹ ਲੈਂਦੇ ਨੇ
ਜੋ ਮੈਂ ਕਦੇ ਲਏ ਹੀ ਨਹੀਂ
ਵੱਸਦੀਆਂ ਨੇ ਉਹ ਮਾਨਤਾਵਾਂ
ਜਿਨ੍ਹਾਂ ’ਤੇ ਉੱਕਰਿਆ ਹੈ
ਸਿਰਫ਼ ਮੇਰਾ ਨਾਮ

ਏਨਾ ਸੌਖਾ ਨਹੀਂ ਨਵੇਂ ਦਾ ਰੂਪ ਧਾਰਨਾ
ਰੂਪਾਂਤਰਨ ਲਈ ਲਾਉਣਾ ਪੈਂਦਾ ਹੈ
ਪੁਰਾਣੇ ਨਾਲ਼ ਮੱਥਾ
ਜਿੱਤਾਂ-ਹਾਰਾਂ ਦਾ ਕਰਨਾ ਪੈਂਦਾ ਹੈ ਸਾਹਮਣਾ

ਮਨ ਕਦੇ ਗਿੱਲੀ ਮਿੱਟੀ ਸੀ
ਸਮੇਂ ਨੇ ਨਪੀੜ ਕੇ ਕਰ ਦਿੱਤਾ ਹੈ
ਸਖ਼ਤ ਪੱਥਰ ਵਾਂਗ
ਜਿਹਦੇ ਕੋਲ਼ ਹੁੰਦਾ ਹੈ
ਰੇਤ ਹੋਣ ਦਾ ਅਸੀਮ ਸਬਰ

ਅੰਦਰ ਕਿਤੇ
ਕੁਝ ਕਿਰਦਾ-ਟੁੱਟਦਾ ਹੈ ਮੇਰੇ
ਤੇ ਕਿਸੇ ਅਣਜਾਣੇ 'ਆਗ਼ਾਜ਼' ਦੀ
ਹੁੰਦੀ ਹੈ ਦਸਤਕ

ਮੈਂ ਕੋਈ ਭੀੜ ਨਹੀਂ
ਨਾ ਹੀ ਮਹਿਜ਼ ਵਿਰੋਧ
ਮੈਂ ਤਾਂ ਉਹ 'ਸਵਾਲ' ਹਾਂ
ਜੋ ਕਿਸੇ ਵੀ 'ਜਵਾਬ' ਵਿਚ
ਕੈਦ ਹੋਣ ਤੋਂ ਕਰਦਾ ਹੈ ਇਨਕਾਰ

❋❋❋

## ਰਿਸ਼ਤਿਆਂ ਦਾ ਗਣਿਤ

ਧੀ—
ਇਕ ਚੁੱਪ
ਜਿਸ ਨੂੰ ਸਦੀਆਂ ਤੋਂ
ਚੌਖਟਾਂ ਪਿੱਛੇ ਰੱਖਿਆ ਗਿਆ

ਜਵਾਈ—
ਇਕ ਸਮਝੌਤਾ
ਜੋ ਅਰਥੀ ਦੇ ਮੋਢੇ ਨਾਲ਼ ਵੀ
ਆਪਣੇ ਹੱਕ ਦਾ ਹਿਸਾਬ ਜੋੜਦਾ ਹੈ
ਜਦੋਂ ਪੁੱਤਰਾਂ ਦੇ ਹੱਥ ਕੰਬੇ
ਧੀ ਦੀਆਂ ਉਂਗਲਾਂ ਨੇ ਅੱਗ ਸੌਂਪੀ
ਰਵਾਇਤਾਂ ਦੇ ਨਿਯਮ ਸੁਆਹ ਹੋ ਗਏ

ਰਵਾਇਤ—
ਉੱਥੇ ਗੂੰਗੀ ਹੋ ਜਾਵੇ
ਜਿੱਥੇ ਹੰਝੂ ਨੇ
ਧਰਮ ਨੂੰ ਸਵਾਲ ਕਰਦੇ

ਮਾਤਮ—
ਦੁੱਖ ਨਹੀਂ, ਇਕ ਰਿਹਰਸਲ ਹੈ
ਜਿੱਥੇ ਲੋਕ ਬਹਿੰਦੇ ਦੁੱਖ ਤੋਂ ਦੂਰ
ਰਾਜਨੀਤੀ ਦੀਆਂ ਬਹਿਸਾਂ ਦੇ ਨਜ਼ਦੀਕ

ਮੌਤ—
ਇਕ ਸਮਾਗਮ ਹੈ
ਹਾਜ਼ਰੀ ਲਾਜ਼ਮੀ
ਬੁੱਲ੍ਹਾਂ ’ਤੇ ਹਮਦਰਦੀ
ਜ਼ਿਹਨ ’ਚ ਫ਼ਾਇਦਿਆਂ ਦੀਆਂ ਗਿਣਤੀਆਂ-ਮਿਣਤੀਆਂ

ਅੰਤਿਮ ਪੜਾਅ—
ਰਾਖ ਦਾ ਰੰਗ ਇਕੋ
ਅੰਤ ਇਕੋ
ਸੁਪਨੇ ਅਧੂਰੇ ਰਹਿ ਜਾਂਦੇ

ਧੜਕਣਾਂ ਨੂੰ ਅਲਵਿਦਾ ਕਹਿੰਦੇ ਦਿਲਾਂ ਵਿਚ
ਯਾਦਾਂ ਵੀ ਨਹੀਂ ਵੱਸਦੀਆਂ
ਸੌਂਦੀਆਂ ਨੇ ਮੋਬਾਈਲਾਂ ਦੀਆਂ ਗੈਲਰੀਆਂ ਵਿਚ
ਜੋ ਕਦੇ ਸਾਂਝੇ ਸਨ ਸਾਹ
ਹੁਣ ਅੰਗੂਠਿਆਂ ਹੇਠ ਸਕ੍ਰੋਲ ਹੁੰਦੇ ਨੇ

ਮਨੁੱਖ—
ਜਿਊਂਦੇ ਜੀਅ ਤਾਂ ਮਿਲ਼ੇ ਨਾ ਪਛਾਣ
ਮਰਨ ਤੋਂ ਬਾਅਦ
ਦਰਜ ਹੋ ਜਾਵੇ ਫ਼ਾਈਲਾਂ ਵਿਚ

ਜੀਵਨ—
ਨੋਟੀਫਿਕੇਸ਼ਨ ਵਾਂਗ ਵੱਜਦਾ ਹੈ
ਕਦੇ ਸਟੇਟਸ ਬਣ ਕੇ
ਕਦੇ ਸ਼ਰਧਾਂਜਲੀ ਬਣ ਕੇ

ਅਸੀਂ—
ਆਪਣੀਆਂ ਸਕ੍ਰੀਨਾਂ ਵਿਚ ਮਸਰੂਫ਼
ਕਿਸੇ ਦੀ ਪੂਰੀ ਜ਼ਿੰਦਗੀ ਨੂੰ
ਬਿਨਾਂ ਪੜ੍ਹੇ-ਮਹਿਸੂਸ ਕੀਤੇ
'ਕਲੀਅਰ ਆਲ' ਕਰ ਕੇ
ਵਧ ਜਾਂਦੇ ਹਾਂ ਅਗਲੀ ਪੋਸਟ ਵਲ

***

## ਮੈਂ ਰਾਹ ਸਿਰਜਦੀ ਹਾਂ

ਤੂੰ ਮੈਨੂੰ ਕਦੇ
ਆਪਣੀ ਹਸਤੀ ਦੀਆਂ ਹੱਦਾਂ 'ਚ
ਖ਼ਾਮੋਸ਼ ਹੌਲ਼ੀ-ਹੌਲ਼ੀ ਦੌੜਨ ਵਾਲ਼ੀ ਸਮਝਿਆ ਸੀ

ਹੈਰਾਨ ਹੋਇਆ ਸੈਂ
ਜਦ ਪਹਿਲੀ ਵਾਰ
ਮੈਂ ਆਪਣੇ ਆਪ ਤੋਂ
ਬਾਹਰ ਨਿਕਲਦੀ ਵੇਖੀ ਗਈ

ਤੈਨੂੰ ਕੀ ਇਲਮ
ਮੈਂ ਪੰਜ–ਸੱਤ ਕਦਮਾਂ ਦੀ ਹਰਕਤ ਨਹੀਂ,
ਕਾਫ਼ਲਿਆਂ ਦਾ ਵੇਗ ਹਾਂ
ਆਪਣੀ ਚੋਣ ਦੇ ਰਾਹਾਂ 'ਤੇ
ਖ਼ੁਦ ਪਾਉਂਦੀ ਹਾਂ ਪੈੜਾਂ

ਤੂੰ ਡਰਾਇਆ, ਧਮਕਾਇਆ
ਮੇਰੇ ਦਾਇਰਿਆਂ ਨੂੰ
ਛੋਟਾ ਕਰਨ ਦੀ ਕੋਸ਼ਿਸ਼ ਕੀਤੀ

ਪਤਾ ਸੀ ਮੈਨੂੰ ਕਿ ਤੈਨੂੰ
ਖ਼ੌਫ਼ ਸੀ ਮੇਰੀ ਪਰਵਾਜ਼ ਤੋਂ
ਤੂੰ ਮੇਰੇ ਸਿਦਕ ਨੂੰ 'ਜ਼ਿੱਦ' ਕਿਹਾ
ਆਵਾਜ਼ ਨੂੰ 'ਬਗ਼ਾਵਤ'
ਅਣਜਾਣ ਹੈਂ ਕਿ ਮੇਰਾ ਹੱਠ ਨਹੀਂ ਇਹ
ਮੇਰਾ ਵਜੂਦ
ਮੇਰੀ ਪਛਾਣ ਹੈ

ਮੈਂ ਤੇਰੇ ਸਾਥ ਦੀ ਮੁਹਤਾਜ ਨਹੀਂ ਹੁਣ
ਤੁਰਦੀ ਹਾਂ ਸਵੈਮਾਨ ਦੀ ਆਭਾ ਨਾਲ਼
ਕਦਮ ਮਿਲਾਉਣਾ ਹੈ ਤਾਂ ਪਹਿਲਾਂ
ਸਹਿਣਾ ਸਿੱਖ ਮੇਰੀ ਹਸਤੀ ਦਾ ਜਲੌਅ

ਮੈਂ ਤੇਰੇ ਰਾਹਾਂ ਦੀ ਮੁਹਤਾਜ ਨਹੀਂ,
ਖ਼ੁਦ ਰਾਹ ਸਿਰਜਦੀ ਹਾਂ

***

## ਪਰਛਾਵੇਂ ਤੋਂ ਪਰਵਾਜ਼ ਤਕ

ਉਹ ਅੱਜ ਵੀ
ਸੋਚਾਂ ਦੇ ਗ਼ਲਬੇ 'ਚ
ਹੱਥੀਂ ਸਟੇਰਿੰਗ ਫੜੀ ਬੈਠਾ ਹੈ
ਜਿਵੇਂ ਰਾਹਾਂ ਦੀ ਤਕਦੀਰ
ਉਸਦੀਆਂ ਮੁੱਠੀਆਂ 'ਚ ਕੈਦ ਹੋਵੇ

ਪਰ ਹੁਣ ਗੱਡੀ ਮੇਰੇ ਨਾਮ ਹੈ
ਹੁਣ ਨਹੀਂ ਤੁਰਦੇ ਮੇਰੇ ਰਾਹ
ਕਿਸੇ ਹੋਰ ਦੇ ਇਸ਼ਾਰਿਆਂ 'ਤੇ

ਕਦੇ ਮੈਂ ਤੁਰੀ ਸਾਂ ਉਹਨਾਂ ਰਾਹਾਂ 'ਤੇ
ਤੇਰੇ ਤੋਂ ਕੁਝ ਕਦਮ ਪਿੱਛੇ-ਪਿੱਛੇ
ਕਦਮਾਂ ਵਿਚ ਝਿਜਕ ਸੀ
ਉਚਾਰ ਵਿਚ ਖ਼ਾਮੋਸ਼ੀ
ਜਿਵੇਂ ਆਪਣੇ ਹੀ ਸਫ਼ਰ ਵਿਚ
ਬੇਨਾਮ ਪਰਛਾਵਾਂ ਹੋਵਾਂ

ਪੇਕੇ ਤੋਂ ਸਹੁਰੇ ਘਰ ਤਕ ਦਾ ਸਫ਼ਰ
ਸਿਰਫ਼ ਘਰਾਂ ਦੀ ਤਬਦੀਲੀ ਨਹੀਂ ਸੀ
ਮੇਰੇ ਮਾਮੂਲੀ ਮੌਲਿਕ ਹੱਕਾਂ 'ਤੇ
ਸਲੀਕੇ ਨਾਲ਼ ਮਾਰਿਆ ਡਾਕਾ ਸੀ

ਪਰ ਹੁਣ
ਸਟੇਰਿੰਗ ਮੇਰੀ ਪਕੜ ’ਚ ਹੈ
ਯਾਦ ’ਚ ਰਾਹਾਂ ਦੀ ਧੜਕਣ ਹੈ
ਮੈਂ ਮੋੜ ਵੀ ਆਪ ਚੁਣਦੀ ਹਾਂ
ਮੰਜ਼ਿਲ ਦੀ ਇਬਾਰਤ ਵੀ ਲਿਖਦੀ ਹਾਂ ਆਪ

ਮੈਂ ਕਹਿੰਦੀ ਹਾਂ—
ਆ ਮੇਰੇ ਬਰਾਬਰ ਦੀ ਸੀਟ ’ਤੇ ਬੈਠ
ਬਰਾਬਰੀ ’ਚ ‘ਹੁਕਮ’ ਨਹੀਂ
‘ਸਾਂਝ’ ਹੁੰਦੀ ਹੈ
‘ਸਾਇਆ’ ਨਹੀਂ ‘ਸਾਥ’ ਹੁੰਦਾ ਹੈ

ਮੈਨੂੰ ਹੁਣ ਪਿਛਲੀ ਸੀਟ ’ਤੇ ਬਹਿ ਕੇ
‘ਨਜ਼ਾਰੇ’ ਦੇਖਣ ਦੀ ਆਦਤ ਨਹੀਂ ਰਹੀ
ਸਿੱਖ ਲਏ ਨੇ ਖ਼ੁਦ ਰਸਤੇ ਬਣਾਉਣੇ

ਗੱਡੀ ਮੇਰੀ ਹੈ
ਮੇਰੀ ਦਿਸ਼ਾ ਤੇ ਮੇਰਾ ਹੀ ਹੈ ਫ਼ੈਸਲਾ
ਹੁਣ ਮੈਂ ਰਾਹ ਵੀ ਹਾਂ ਆਪਣਾ
ਰਾਹਗੀਰ ਵੀ
ਰਹਿਬਰ ਵੀ

❊❊❊

## ਧੀਆਂ ਲਈ ਰਾਹ

ਹਨੇਰੇ ਦੇ ਸੀਨੇ 'ਚੋਂ ਫੁੱਟੀ ਇਕ ਚੀਕ—
ਕਿ ਸਾਮੰਤਵਾਦ ਦੇ ਲੋਹੇ ਦੇ ਸਾਰੇ ਸੰਗਲ਼
ਪਿੱਤਰੀ ਸੱਤਾ ਦੀਆਂ ਜ਼ੰਜੀਰਾਂ ਦੀ ਕੈਦ
ਤੇ ਲਾਲਚ ਦੇ ਨਾਗਫਨੀ ਜ਼ਹਿਰੀਲੇ ਰਾਹਾਂ ਨੂੰ
ਜੜ੍ਹੋਂ ਪੁੱਟ ਕੇ ਸੁੱਟਣਾ ਪੈਣਾ

ਜੋ ਹੱਕਾਂ ਦਾ ਕਾਤਲ ਹੈ
ਉਸਦੀ ਥਾਂ 'ਤੇ ਰੱਖ ਕੇ ਪੈਰ
ਆਪਣੇ ਹਿੱਸੇ ਦਾ ਆਕਾਸ਼
ਆਪ ਸਿਰਜਣਾ ਪੈਣਾ

ਹਰ ਜ਼ਬਾਨ ਹੋਵੇ
ਨਾਬਰੀ ਦੇ ਸੁਰ ਵਾਲ਼ੀ
ਹਰ ਜ਼ੁਲਮ ਖ਼ਿਲਾਫ਼
ਬਗ਼ਾਵਤ ਕਰਨ ਵਾਲਿਆਂ ਵਰਗੀ

ਤਰਲਿਆਂ ਨਾਲ਼ ਨਹੀਂ ਮਿਲ਼ਦੀ ਕੋਈ ਥਾਂ
ਗ਼ਰੂਰ ਦੇ ਸਿਲਾ-ਖੰਭ ਢਾਹ ਕੇ
ਉੱਕਰਨਾ ਪੈਣਾ ਆਪਣੀ ਮੰਜ਼ਿਲ ਦਾ ਰਾਹ ਖ਼ੁਦ

ਜਿਸ ਸਿਖਰ ਵਲ ਝਾਕਣ ਦੀ ਨਹੀਂ ਇਜਾਜ਼ਤ
ਉਸੇ ਸਿਖਰ 'ਤੇ ਜਾ ਕੇ ਬੈਠਣਾ ਪੈਣਾ

❊❊❊

## ਚੁੱਲ੍ਹੇ ਦਾ ਸੇਕ

ਮਾਂ
ਜ਼ਿੰਦਾ ਦੇਹ ਵਾਂਗ ਨਹੀਂ
ਕਿਸੇ ਕਰਜ਼ੇ ਦੀ ਅਦਾਇਗੀ ਵਾਂਗ
'ਵੱਟੇ-ਸੱਟੇ' ਦੀਆਂ ਲੋਹ-ਜ਼ੰਜੀਰਾਂ ਵਿਚ
ਧੱਕੀ ਗਈ ਸੀ
ਇਸ ਘਰ ਦੀ ਦਹਿਲੀਜ਼ ਅੰਦਰ

ਉਸਦੇ ਕੋਰੇ ਮੱਥੇ 'ਤੇ
ਸੁਪਨਿਆਂ ਦੀ ਮਹਿਕ ਵੀ ਨਹੀਂ ਸੀ ਸੁੱਕੀ
ਕਿ ਲੋਕਾਈ ਨੇ ਰੱਖ ਦਿੱਤੇ ਸਨ
ਉਸਦੀ ਕਿਸਮਤ 'ਤੇ ਫ਼ਰਜ਼ਾਂ ਦੇ ਕਾਲ਼ੇ ਹੱਥ

ਨਿੰਮ ਦੇ ਸੱਕ ਤੋਂ ਵੀ ਕੌੜੇ
ਸੱਸ ਦੇ ਮਿਹਣੇ, ਨਣਦਾਂ ਦੇ ਬੋਲ
ਰੂਹ ਵਿਚ ਉੱਤਰਦੇ ਰਹੇ
ਕਿੱਲਾਂ ਵਾਂਗ ਹੌਲ਼ੀ-ਹੌਲ਼ੀ

ਉਸਦੀ ਚੁੱਪ ਨੂੰ ਸੰਸਕਾਰ ਆਖਿਆ ਗਿਆ
ਉਸਦੇ ਹੰਝੂਆਂ ਨੂੰ ਕਮਜ਼ੋਰੀ
ਫ਼ਰਜ਼ ਢੋਲਾਂ ਵਾਂਗ ਉੱਚੇ ਵੱਜਦੇ
ਪਿਆਰ ਚੁੱਲ੍ਹੇ ਦੇ ਧੂੰਏਂ ਵਾਂਗ
ਚੁੱਭਦਾ ਰਿਹਾ ਹਮੇਸ਼ਾ ਅੱਖਾਂ ਵਿਚ

ਘੁੰਡ ਸਿਰਫ਼ ਚਿਹਰੇ ’ਤੇ ਨਹੀਂ ਸੀ
ਉਸਦੀ ਸੋਚ ਤੇ ਹਾਸੇ
ਸਣੇ ਉਸਦੀ ਪਛਾਣ
ਸਭ ਕੁਝ ਕਰ ਦਿੱਤਾ ਗਿਆ ਸੀ
ਇਸ ਲੰਮੇ ਪਰਦੇ ਪਿੱਛੇ ਕੈਦ
ਵਡੇਰਿਆਂ ਤੋਂ ਹੀ ਨਹੀਂ ਆਪਣੇ-ਆਪ ਤੋਂ ਵੀ
ਇਜਾਜ਼ਤ ਮੰਗ ਕੇ ਜਿਊਂਦੀ ਰਹੀ ਉਹ
ਘਰ ਦੀ ਚੱਕੀ ਆਟਾ ਘੱਟ ਪੀਂਹਦੀ
ਉਸਦੀ ਰੂਹ ਨੂੰ ਵੱਧ
ਇਕ ਬੂਹੇ ਦੀ ਬਦਨੀਅਤੀ
ਦੂਜੇ ਘਰ ਦੀ ਇੱਜ਼ਤ ਬਣ ਗਈ

ਮਾਂ ਦੋਵਾਂ ਘਰਾਂ ਦੇ ਵਿਚਕਾਰ
ਸਹਿਮ ਦੀ ਰੱਸੀ ’ਤੇ ਤੁਰਦੀ ਚੁੱਪ ਸੀ
ਜਿਸਨੂੰ ਡਿੱਗਣ ਦੀ ਵੀ ਇਜਾਜ਼ਤ ਨਹੀਂ ਸੀ

ਫਿਰ ਇਕ ਦਿਨ—
ਪੇਕੇ ਵੀ ਕਰ ਦਿੱਤੇ ਗਏ ਦੂਰ
ਪੰਚਾਇਤਾਂ ਬੈਠੀਆਂ
ਫ਼ੈਸਲੇ ਹੋਏ
ਰਿਸ਼ਤਿਆਂ ਦੇ ਧਾਗੇ ਗੰਢੇ ਗਏ
ਪਰ ਉਸਦੀਆਂ ਅੱਖਾਂ ਵਿਚ ਝਾਕ ਕੇ
ਪੁੱਛਿਆ ਨਾ ਕਿਸੇ ਨੇ ਵੀ
ਕਿ ਉਹ ਟੁੱਟੀ ਸੀ ਤਾਂ ਕਿੱਥੋਂ

ਉਹ ਮੁੜੀ ਵੀ ਤਾਂ
ਧੀ ਨਹੀਂ, ਬੋਝ ਬਣ ਕੇ
ਭਰਜਾਈਆਂ ਦੀਆਂ ਨਿਗਾਹਾਂ ਵਿਚ
ਟੰਗੀ ਰਹੀ ਸਦਾ ਉਸ ਕਰਜ਼ੇ ਵਾਂਗ
ਜਿਸ ਨੂੰ ਕੋਈ ਉਤਾਰਨਾ ਨਹੀਂ ਚਾਹੁੰਦਾ

ਉਸਨੂੰ ਕਦੇ ਪੁੱਛਿਆ ਹੀ ਨਾ ਗਿਆ
ਕਿ ਉਹ ਕੀ ਚਾਹੁੰਦੀ ਹੈ
ਫ਼ੈਸਲੇ ਸੁੱਟੇ ਜਾਂਦੇ ਰਹੇ ਉਹਦੇ ਵਲ ਪੱਥਰਾਂ ਵਾਂਗ
ਤੇ ਉਹ ਤਕਦੀਰ ਸਮਝ ਕੇ
ਲਾਉਂਦੀ ਰਹੀ ਉਹਨਾਂ ਨੂੰ ਛਾਤੀ ਨਾਲ

ਰਾਤਾਂ ਗਲ਼ਦੀਆਂ ਰਹੀਆਂ
ਸਿਰਹਾਣਿਆਂ ਦੀ ਸਿੱਲ੍ਹ ਵਿਚ
ਦਿਨ ਸੁੱਕਦੇ ਰਹੇ
ਝਿੜਕਾਂ ਦੀ ਲੂਅ ਵਿਚ

ਫਿਰ ਕੁਝ ਨਵੀਆਂ ਜਿੰਦਾਂ
ਡਿੱਗਦੀਆਂ ਰਹੀਆਂ
ਉਹਦੀ ਉਡੀਕ ਦੀ ਝੋਲ਼ੀ ’ਚ ਆ ਕੇ
ਕੀ ਜਾਣਦੀਆਂ ਸਨ ਉਹ ਮਾਸੂਮ
ਕਿ ਮਾਂ ਦੀ ਛਾਤੀ ’ਚੋਂ
ਦੁੱਧ ਤੋਂ ਪਹਿਲਾਂ ਉੱਤਰਦਾ ਹੈ ਦੁੱਖ

ਉਹ ਬੱਚਿਆਂ ਦੇ ਸੁਪਨੇ ਸਾਂਭਦੀ ਰਹੀ
ਤੇ ਹੌਲ਼ੇ-ਹੌਲ਼ੇ ਚੁੱਲ੍ਹੇ ਦੀ ਅੱਗ ਵਿਚ
ਸੁਆਹ ਹੁੰਦੇ ਰਹੇ ਉਹਦੇ ਸੁਪਨੇ

ਖ਼ੁਦ ਅੱਖਰਾਂ ਦੀ ਛਾਂ ਤੋਂ ਵਾਂਝੀ ਰਹੀ
ਪਰ ਸਾਡੀ ਪੜ੍ਹਾਈ ਲਈ
ਬਰਗਦ ਵਾਂਗ ਸਹਿੰਦੀ ਰਹੀ ਸੰਤਾਪਾਂ ਦੀ ਧੁੱਪ

ਹਰ ਦਿਨ ਪਹੁ-ਫੁੱਟਣ ਤੋਂ ਵੀ ਪਹਿਲਾਂ
ਉੱਠ ਕੇ ਜਾ ਬਹਿੰਦੀ ਚੁੱਲ੍ਹੇ ਕੋਲ਼
ਅੱਗ ਬਾਲ਼ਦੀ
ਸਵਾਹ ਹੂੰਝਦੀ
ਖਿੱਲਰੇ ਕੋਨੇ ਸਮੇਟਦੀ
ਜਿਵੇਂ ਇਕੱਠੀ ਕਰ ਰਹੀ ਹੋਵੇ
ਆਪਣੀ ਟੋਟੇ-ਟੋਟੇ ਹੋਈ ਹੋਂਦ

ਤੇ ਫਿਰ ਹੌਲ਼ੇ-ਹੌਲ਼ੇ
ਅੰਦਰ ਬਚੀ ਹੋਈ ਔਰਤ ਨੂੰ ਵੀ
ਸਵਾਹ ਵਾਂਗ ਹੂੰਝ ਕੇ
ਸੁੱਟ ਦਿੰਦੀ ਬੂਹੇ ਤੋਂ ਬਾਹਰ

***

## ਚਿੱਟ-ਕੱਪੜੀਏ ਮਜ਼ਦੂਰ ਨੂੰ

ਹੇ ਚਿੱਟ-ਕਪੜੀਏ ਮਜ਼ਦੂਰ!
ਚੌਂਕ 'ਤੇ ਖੜ੍ਹੇ ਮਜ਼ਦੂਰਾਂ ਨਾਲ਼ ਨਹੀਂ
ਤੇਰੇ ਨਾਲ਼ ਹੈ ਮੇਰਾ ਗਿਲਾ
ਕਿਉਂਕਿ ਤੂੰ ਇਕੱਲਾ ਨਹੀਂ
ਤੇਰੇ ਪਿੱਛੇ ਖੜ੍ਹੀ ਹੈ
ਇਕ ਪੂਰੀ ਜਮਾਤ

ਤੇਰੇ ਨਾਲ਼ ਜੋ ਬੈਠੇ ਨੇ ਕੰਪਿਊਟਰਾਂ 'ਤੇ
ਡਿਜੀਟਲ ਹਨੇਰਿਆਂ ਵਿਚ
ਚੰਦ ਸਿੱਕਿਆਂ ਖ਼ਾਤਰ
ਆਪਣੀ ਬੌਧਿਕ ਮਿਹਨਤ ਦਾ
ਸਹਿੰਦੇ ਨੇ ਜੋ ਸ਼ੋਸ਼ਣ

ਤੇ ਤੇਰੇ ਨਾਲ਼ ਇਸ ਲਈ ਵੀ ਹੈ ਗਿਲਾ
ਕਿ ਤੇਰੇ ਕੋਲ਼ ਤਾਂ ਹੈ ਚੇਤਨਾ ਦੀ ਲੋਅ
ਤੂੰ ਵੀ ਨਹੀਂ ਆਵਾਜ਼ ਮਿਲਾਉਂਦਾ
ਚੌਂਕ 'ਤੇ ਖੜ੍ਹਿਆਂ ਨਾਲ਼

ਤੁਸੀਂ ਗ਼ੁਲਾਮ ਹੋ ਨਵੇਂ ਢੰਗ ਦੇ
ਸਨਮਾਨ ਦੀ ਜ਼ਿੰਦਗੀ ਜਿਊਣ ਲਈ
ਉੱਜਲੇ ਭਵਿੱਖ ਦੇ ਸਾਨੀ ਹੋਣ ਲਈ
ਤੁਹਾਡਾ ਵੀ ਨਹੀਂ ਗੁਜ਼ਾਰਾ ਬਿਨਾਂ ਸੰਘਰਸ਼ਾਂ

ਯਾਦ ਰੱਖ
ਸੰਸਾਰ ਮਜ਼ਦੂਰ-ਦਿਵਸ
ਚੌਕਾਂ ਵਿਚ ਡੁੱਲ੍ਹਦੇ ਖ਼ੂਨ ਦਾ ਹੀ ਨਹੀਂ
ਏ.ਸੀ. ਦਫ਼ਤਰਾਂ 'ਚ
ਮਜਬੂਰ ਪਸੀਨੇ ਦਾ ਵੀ ਹੈ
ਸਰੀਰਕ ਤੇ ਬੌਧਿਕ ਮਿਹਨਤ
ਦੋਹਾਂ ਦਾ ਬਰਾਬਰ

ਆ ਹੱਥ ਮਿਲ਼ਾ!
ਚੌਕ ਦੀ ਧੂੜ ਤੇ ਕੀ-ਬੋਰਡ ਦੀ ਥਕਾਵਟ
ਰਲਣ ਦੇ ਇਕੋ ਹਵਾ ਵਿਚ
ਆ ਸਾਂਝੇ ਸੰਘਰਸ਼ ਦਾ ਰਾਹ ਅਪਣਾਈਏ
ਧਰਤੀ ਨੂੰ ਕਿਰਤੀਆਂ ਦਾ ਘਰ ਬਣਾਈਏ

❋❋❋

## ਅੜੀ, ਜ਼ਿੱਦ ਤੇ ਹੱਠ

ਐਵੇਂ ਅੜੀ ਨਾ ਕਰ
ਬੇਲੋੜੀ ਨਿੱਕੀ-ਨਿੱਕੀ ਗੱਲ ਪਿੱਛੇ

ਅੜੀ ਅਕਸਰ ਤੋੜ ਦਿੰਦੀ ਹੈ
ਚੰਗੇ-ਭਲੇ ਬੰਦੇ ਦਾ ਭਰੋਸਾ
ਬਹੁਤਾ ਚਿਰ ਨਹੀ ਸਹੀ ਜਾ ਸਕਦੀ
ਕਿਸੇ ਆਪਣੇ ਦੀ ਵੀ ਅੜੀ
ਇਹ ਆਖ਼ਰ ਨਫ਼ਰਤ ਨੂੰ ਜਨਮ ਦਿੰਦੀ ਹੈ
ਪਿਆਰ ਨੂੰ ਕਰ ਦਿੰਦੀ ਹੈ ਨਜ਼ਰਅੰਦਾਜ਼

ਜਿੱਤਦੇ-ਜਿੱਤਦੇ ਨੂੰ ਹਰਾਉਂਦੀ
ਹੱਸਦੇ-ਹੱਸਦੇ ਨੂੰ ਰੁਆਉਂਦੀ ਹੈ
ਰਿਸ਼ਤੇ ਤੋੜ ਦਿੰਦੀ
ਖ਼ੁਸ਼ੀਆਂ ਕਰ ਦਿੰਦੀ ਹੈ ਫ਼ਨਾਹ

ਪਰ ਅੜੀ ਵੀ ਅੜੀ ਹੈ
ਛੱਡਣੀ ਸੌਖੀ ਨਹੀਂ
ਵਿਰੋਧ ਨੂੰ ਕਬੂਲ ਨਹੀਂ ਕਰਦੀ
ਪਿਆਰ ਦੀ ਇਕ ਵੀ ਨਹੀਂ ਮੰਨਦੀ
ਬਰਕਰਾਰ ਰੱਖਦੀ ਹੈ ਆਪਣੀ ਜ਼ਿੱਦ

ਜ਼ਿੱਦ ਦਾ ਆਪਣਾ ਰੰਗ ਹੁੰਦਾ ਹੈ
ਇਹ ਉਨ੍ਹਾਂ ਦਾ ਸਾਥੀ ਹੈ
ਜੋ ਇਸਨੂੰ ਪਿਆਰਦੇ ਨੇ
ਨਵੀਂ ਦੁਨੀਆ ਸਿਰਜਦੇ ਨੇ

ਜਦੋਂ ਵੀ ਸੋਚਦਾ ਹਾਂ
ਕਿ ਦੂਰੀ ਬਣਾ ਕੇ ਰੱਖਾਂਗਾ ਜ਼ਿੱਦ ਤੋਂ
ਸਾਹਮਣੇ ਹੱਠ ਆ ਜਾਂਦਾ ਹੈ
ਮਲਕੜੇ ਜਿਹੇ ਬਣ ਕੇ ਮੇਰੀ ਪਛਾਣ

ਇਹ ਹੱਠ ਹੀ ਹੈ
ਲੈ ਜਾਂਦਾ ਹੈ ਜਿਹੜਾ ਸਾਨੂੰ ਬੁਲੰਦੀਆਂ ਤਕ
ਸਜਾਉਂਦਾ ਹੈ ਇਕ ਨਵੀਂ ਦੁਨੀਆ
ਧੁਨ ਹੈ ਨਵੇਂ ਰਾਹਾਂ ’ਤੇ ਤੁਰਨ ਦੀ

ਹੱਠ ਨਾ ਅੜੀ ਹੈ ਨਾ ਜ਼ਿੱਦ
ਸਿਦਕ ਦਾ ਹੀ ਹੈ ਲੜਾਕੂ ਨਾਮ
ਦ੍ਰਿੜਤਾ ਹੈ ਲੈ ਕੇ ਆਵੇ ਜੋ ਨਵੀਂ ਸਵੇਰ
ਮੰਜ਼ਿਲ ਦੀ ਪੌੜੀ ਬਣ ਸਕਦਾ ਹੈ
ਕੌੜੇ ਸੁਪਨਿਆਂ ਨੂੰ ਕਰ ਸਕਦਾ ਹੈ ਮਿੱਠੇ
ਇਹਦੇ ਬਿਨਾਂ ਰਹਿ ਸਕਦੇ ਨੇ
ਕਈ ਖ਼ਾਬ ਅਧੂਰੇ
ਰਿਸ਼ਤਿਆਂ ਨੂੰ ਬਣਾਉਂਦਾ ਹੈ ਮਜ਼ਬੂਤ
ਇਹਦੇ ਬਿਨਾਂ ਮੁਸ਼ਕਲ ਹੈ ਇਕਜੁੱਟ ਹੋਣਾ

ਇਹੀ ਫ਼ਰਕ ਹੈ
ਅੜੀ, ਜ਼ਿੱਦ ਤੇ ਹੱਠ ਵਿਚ—
ਉਹ ਤੋੜਨ ਤੇ ਬਿਖੇਰਨ
ਇਹ ਘੜੇ ਤੇ ਸੰਭਾਲ਼ੇ

❋❋❋

## ਪਿਤਾ ਜੀ ਦੀ ਬੋਲੀ ਤੇ ਚੁੱਪ

ਪਿਤਾ ਜੀ ਦੀ ਬੋਲੀ
ਕਿਤਾਬ ਦੀ ਭਾਸ਼ਾ ਤੋਂ ਵੱਖਰੀ
ਅਲੱਗ ਹੀ ਸੁਰ ਦੀ
ਉਹਦੇ ਅਣਘੜੇ ਬੋਲ
ਮਨ ਅੰਦਰ ਹਾਸਿਆਂ ਦੀ ਗੂੰਜ ਪਾਉਂਦੇ

ਉਸਦੀ ਜ਼ਬਾਨ
ਮਹਿਕੀ ਮਿੱਟੀ ਦੀ ਰੂਹ
ਲੋਰੀਆਂ ਦੀ ਮਿੱਠੀ ਮਹਿਕ
ਆਲ਼ੇ-ਦੁਆਲ਼ੇ ਦੇ ਮਾਹੌਲ ਵਿਚ
ਵਿਰਾਸਤ ਦੀ ਅਮਰ ਗੰਧ

ਪਰ ਹੁਣ ਸਾਡੇ ਬੋਲਾਂ 'ਚ
ਰਵਾਨੀ ਵਾਲ਼ੇ ਉਹ ਸ਼ਬਦ ਨਾ ਰਹੇ
ਸ਼ਰਨਾਰਥੀ ਜ਼ਬਾਨ ਨੇ ਬਿਖਰਨਾ ਹੀ ਸੀ
ਨਵੀਂ ਬੋਲੀ ਦੇ ਬੋਝ ਥੱਲੇ

ਕਿਤਾਬਾਂ ਦੇ ਸ਼ਬਦ
ਥੱਕੀ-ਹਾਰੀ ਜ਼ਬਾਨ ਦਾ
ਬਣ ਗਏ ਅਣਚਾਹਿਆ ਫਿੱਕਾ ਜਿਹਾ ਅੰਗ

ਪਰਾਈ ਧਰਤੀ 'ਤੇ
ਅਸਲ ਸ਼ਬਦ ਤਾਅਨੇ ਬਣ ਕੇ
ਗੁਆਚ ਗਏ ਸ਼ਬਦਾਂ ਦੀ ਭੀੜ ਵਿਚ
ਨਵੀਂ ਦੁਨੀਆ ਦੀ ਨੀਂਹ ਰੱਖਣ ਲਈ
ਬਾਜ਼ਾਰ ਨਾਲ਼ ਵਾਹ ਪਿਆ
ਨਵੇਂ ਸ਼ਬਦ ਘੜਨੇ ਪਏ

ਵਿਦੇਸ਼ੀ ਸ਼ਬਦਾਂ ਨੇ ਭਾਸ਼ਾ ਦੀ ਜ਼ਮੀਨ 'ਤੇ
ਜਮਾ ਲਈਆਂ ਮਜ਼ਬੂਤ ਜੜ੍ਹਾਂ
ਸ਼ਬਦਾਂ ਦਾ ਹੜ੍ਹ ਆਇਆ
ਪੁਰਾਣੇ ਲੈ ਗਿਆ ਰੋੜ੍ਹ ਕੇ
ਬੋ ਗਿਆ ਨਵੇਂ

ਇਹ ਉਹ ਜ਼ਬਾਨ ਨਹੀਂ ਹੁਣ
ਹੋਰ ਕਿਸੇ ਰੂਹ ਦਾ ਠਰਿਆ ਪਰਛਾਵਾਂ ਹੈ
ਉਸ ਮਿੱਟੀ ਦੀ ਬੋਲੀ
ਤੇ ਅਗਲੀ ਨਸਲ ਦੀ ਬੋਲੀ ਵਿਚਕਾਰ
ਬੇਰੁਖ਼ ਬਰਫ਼ੀਲੀ ਸਰਹੱਦ ਹੈ
ਚੁੱਪ ਹੀ ਬਣ ਗਈ ਹੈ ਜਿੱਥੇ
ਰਿਸ਼ਤਿਆਂ ਦਾ ਜ਼ਿੰਦਾ ਸਬੂਤ

❉❉❉

## ਪਿਉ ਦੀਆਂ ਪੈੜਾਂ 'ਚ ਪੈਰ

ਸੰਤਾਲ਼ੀ ਦੀ ਵੰਡ ਸਮੇਂ ਚੜ੍ਹਦੀ ਜਵਾਨੀ 'ਚ
ਉਜਾੜੇ ਦੀ ਭਟਕਣਾ ਸੀ ਅਣਮੰਗੀ
ਪਿਉ ਦਾ ਛਾਇਆ ਛੱਡ ਗਿਆ ਸੀ ਸਾਥ
ਦਰ-ਬ-ਦਰ ਭਟਕਦਾ
ਬੜੇ ਬੂਹਿਆਂ ਤੋਂ ਪਰਤਿਆ ਵਾਪਸ
ਭਾਲ਼ਦਾ ਰਿਹਾ ਸਹਾਰਾ ਉਨ੍ਹਾਂ ਤੋਂ
ਜੋ ਖ਼ੁਦ ਟੱਪਰੀਵਾਸਾਂ ਵਾਂਗ
ਘੁੰਮ ਰਹੇ ਸਨ ਰਾਹਤ ਦੀ ਤਲਾਸ਼ ਵਿਚ

ਫਿਰ ਕਿਸੇ ਉੱਧਰ ਬਣੇ ਮੁਹਾਜਿਰ ਦਾ
ਮਿਲ਼ ਗਿਆ ਇਸ ਪਨਾਹਗੀਰ ਨੂੰ ਘਰ
ਰਾਤ-ਦਿਨ ਮਿਹਨਤ ਕਰਦਿਆਂ
ਖਿੱਝਦਿਆਂ, ਲੜਦਿਆਂ-ਝਗੜਦਿਆਂ
ਤਿਆਰ ਕਰ ਲਈ ਸਿਰ ਦੀ ਛੱਤ

ਨਵੀਂ ਪੀੜ੍ਹੀ ਨੂੰ ਦਿੱਤਾ ਨਵਾਂ ਰੂਪ
ਰਿਸ਼ਤਿਆਂ ਦੀਆਂ ਸ਼ੁਰੂ ਹੋਈਆਂ ਬੱਝਣੀਆਂ ਗੰਢਾਂ

ਸਵੇਰੇ ਤੁਰ ਜਾਣਾ ਚੁੱਪ-ਚੁਪੀਤੇ
ਦਹਿਲੀਜ਼ੋਂ ਪਾਰ ਪਸੀਨਾ ਵਹਾਉਣ
ਸ਼ਾਮੀਂ ਪਰਤਦਿਆਂ ਲੈਂਦੇ ਆਉਣਾ
ਬੱਚਿਆਂ ਲਈ ਕੁਝ ਨਾ ਕੁਝ

ਘੁੱਟ ਲਾ ਕੇ ਕਦੇ-ਕਦੇ
ਯਾਦ ਕਰ ਕੇ ਵਿੱਛੜਿਆ ਪਿੰਡ
ਲੱਗ ਪੈਣਾ ਲੈਣ ਹਟਕੋਰੇ

ਇਸੇ ਘਰ ਖੇਡਦਿਆਂ
ਪੋਟਾ-ਪੋਟਾ ਵੱਡੇ ਹੁੰਦਿਆਂ ਅਸਾਂ
ਉਹਨੂੰ ਧਰੋਹਰ ਅਤੇ ਵਿਰਾਸਤ ਹਿੱਕ ਲਾਈ
ਨਿਭਾਉਂਦੇ ਵੇਖਿਆ ਹੈ ਆਪਣਾ ਹਰ ਧਰਮ

ਅੱਖਰਾਂ ਤੋਂ ਸੱਖਣੇ ਨੇ
ਪੜ੍ਹਾਇਆ ਰੂਹ ਨਾਲ਼ ਸਾਨੂੰ
ਘਰ ਵਿਚ ਲੱਗੀ ਸ਼ਬਦਾਂ ਦੀ ਛਹਿਬਰ
ਸਿਖਾਇਆ ਅੱਖਾਂ ਵਿਚ ਅੱਖਾਂ ਪਾ ਕੇ
ਮੁਸੀਬਤਾਂ ਨਾਲ਼ ਕਰਨੀ ਗੱਲ

ਸਹਾਰਾ ਭਾਲ਼ਦੇ ਘਰਾਂ ਨੂੰ ਦੇਖਦਾ
ਤੁਰਿਆ ਜਾਂਦਾ ਹੈ ਉਹ
ਮਿਹਨਤੀ ਬਾਪੂ ਦੇ ਬਣਾਏ ਰਾਹੇ

ਅਮੁੱਕ ਰਾਹਾਂ 'ਤੇ ਉਹਦਿਆਂ
ਪੈੜਾਂ ਵਿਚ ਧਰ ਕੇ ਪੈਰ
ਤੁਰਦੇ ਆਏ ਹਾਂ ਅਸੀਂ

❊❊❊

## ਉਹਦੇ ਅੱਖਰਾਂ ਦੀ ਦਾਤ

ਇਹ ਜੋ ਹਰ ਦਾਨਿਸ਼ਵਰ ਲਈ
ਉੱਛਲਦਾ ਹੈ ਸਾਡੇ ਮਨਾਂ 'ਚੋਂ ਸਤਿਕਾਰ
ਉਸੇ ਦੀ ਬਦੌਲਤ ਹੈ
ਉਹ ਜੋ ਹਨੇਰੇ ਤੇ ਬਿਖੜੇ ਰਾਹਾਂ ਨੂੰ
ਰੌਸ਼ਨ ਕਰਦੇ ਚਾਨਣ-ਮੀਨਾਰ ਵਰਗਾ ਹੈ

ਦੀਵਾ ਫੜ ਕੇ ਅੱਗੇ ਨਹੀਂ ਤੁਰਦਾ
ਤੁਰਦਾ ਹੈ ਸਾਡੇ ਨਾਲ਼-ਨਾਲ਼
ਦੀਵਾ ਜਗਾਉਂਦਾ ਹੈ
ਦੀਵੇ ਤੋਂ ਜਗਦਾ ਦੀਵਾ ਵੇਖਦਾ ਹੈ
ਤਾਂ ਸਮਝਦਾ ਹੈ ਆਪਣੇ ਚਾਨਣ ਨੂੰ ਸੰਪੂਰਨ
ਹੁੰਦਾ ਹੈ ਅੰਦਰੋਂ ਪੂਰਾ ਸੰਤੁਸ਼ਟ

ਉਹਨੇ ਸਿਰਫ਼ ਰਾਹ ਹੀ ਨਹੀਂ ਬਣਾਏ
ਰਾਹਾਂ ਨੂੰ ਖੋਜਣਾ ਸਿਖਾਇਆ
ਸਫ਼ਰ ਵਿਚ ਹਮਸਫ਼ਰ ਪਛਾਨਣ ਦੇ ਗੁਰ ਵੀ ਦੱਸੇ
ਅਧੀਨਤਾ ਦੇ ਤੋੜ ਕੇ ਬੰਧਨ
ਬਰਾਬਰੀ ਦਾ ਅਹਿਸਾਸ ਦਿੱਤਾ

ਉਹਦੇ ਅੱਖਰਾਂ ਦੀ ਦਾਤ ਦਾ ਕਰਿਸ਼ਮਾ
ਕਿ ਅਸੀਂ ਜੋ ਹੋ ਗਏ ਸਾਂ
ਤੋਤਿਆਂ ਦੀ ਜੂਨ ਦੇ ਆਦੀ
ਉਸੇ ਦੇ ਬਣਾਏ ਉਹ ਬਾਜ਼ ਹਾਂ
ਦਿਸਹੱਦਿਆਂ ਨੂੰ ਚੀਰ ਕੇ
ਅੰਬਰਾਂ ਦੇ ਖੋਲ੍ਹਦੇ ਨੇ ਜੋ ਭੇਦ

ਕੁਦਰਤ ਤੇ ਜ਼ਿੰਦਗੀ ਦੇ ਫਲਸਫ਼ੇ ਨੂੰ
ਬੇਖ਼ੌਫ਼ ਫਰੋਲਣ ਦੀ ਉਸੇ ਨੇ ਦਿੱਤੀ ਹੈ ਹਿੰਮਤ
ਉਸੇ ਨੇ ਕਰਵਾਈ ਹੈ
ਦਿਲ ਤੇ ਦਿਮਾਗ਼ ਦੀ ਦੋਸਤੀ
ਕਿ ਅੱਜ ਸੁਖ਼ਨਵਰਾਂ ਦੇ ਸੁਖ਼ਨ ਵੀ
ਪਾਉਂਦੇ ਨੇ ਗਲਵਕੜੀ
ਦਾਨਿਸ਼ਵਰਾਂ ਦੀ ਦਾਨਿਸ਼ਵਰੀ ਵੀ
ਮੁਸਕਰਾਉਂਦੀ ਹੈ ਵੇਖ ਕੇ

ਜਿਹਨਾਂ ਨੂੰ ਸੱਥ 'ਚੋਂ
ਉਠਾ ਦਿੱਤਾ ਜਾਂਦਾ ਸੀ ਆਖ ਕੇ ਅਨਾੜੀ
ਵਿਦਵਾਨਾਂ ਦੀ ਸਭਾ 'ਚ ਬੈਠੇ ਹਾਂ
ਤਾਂ ਐਵੇਂ ਨਹੀ ਬੈਠੇ!

❊❊❊

## ਬੱਚੇ ਦੀ ਝਾਕਣੀ ’ਚ

ਅਜੇ ਵੀ ਉਵੇਂ ਦਾ ਉਵੇਂ ਹੈ
ਮੇਰੀਆਂ ਯਾਦਾਂ ’ਚ
ਪਿੰਡ ਦਾ ਓਹੀ ਪੁਰਾਣਾ ਬਾਜ਼ਾਰ
ਕੱਚੀ ਛੱਤ ਵਾਲ਼ੀ ਕਿਰਾਏ ਦੀ ਦੁਕਾਨ,
ਕੰਧਾਂ ਚੋਂ ਕਿਰਦੀ ਰਹਿੰਦੀ ਨਿਰੰਤਰ ਮਿੱਟੀ

ਬਰਾਂਡੇ ਵਿਚ ਲੱਗਿਆ ‘ਅੱਡਾ’
ਪਿੱਛੇ ਕੰਧ ’ਤੇ ਟਿਕੇ ਕੁਝ ਨਵੇਂ ਜੋੜੇ
ਤੇ ਆਲ਼ੇ-ਦੁਆਲ਼ੇ ਖਿੱਲਰੇ
ਚਮੜੇ ਦੀਆਂ ਕੁੱਝ ਕਤਰਾਂ ਤੇ ਪੁਰਾਣੇ ਮੌਜੇ...

ਉਸੇ ਮਾਹੌਲ ਦੇ ਵਿਚਕਾਰ
ਸਿਰ ਝੁਕਾਈ ਬੈਠਾ ਇਕ ਬੱਚਾ
ਕਲਮ ਅਤੇ ਸਿਆਹੀ ਦੇ ਸੰਗ
ਸਕੂਲ ਦਾ ਕੰਮ ਮੁਕਾਉਣ ਦੇ ਆਹਰ ਵਿਚ

ਪਾਸ ਹੀ ਬੈਠਾ ਬਾਪ
ਸਾਹਮਣੇ ਮੌਜੂਦ ਗਾਹਕ
ਅਚਾਨਕ ਜੁੱਤੀ, ਪਾਲਿਸ਼ ਤੇ ਬੁਰਸ਼
ਸਰਕ ਆਉਂਦੇ ਉਸ ਬੱਚੇ ਵਲ

ਹੱਥਾਂ ਵਿਚ ਬੁਰਸ਼ ਚੱਲਦਾ
ਮਨ ਗੁਆਚ ਜਾਂਦਾ ਕਲਾਸ ਦੇ ਕਮਰੇ ਵਿਚ

ਤਦੇ... ਖ਼ਿਆਲਾਂ ਦੀ ਉਸ ਜਮਾਤ ਵਿਚ
ਕੰਨਾਂ ’ਤੇ ਆ ਵਜਦੀ
ਜੁੱਤੀ ਪਾਲਿਸ਼ ਕਰਵਾਉਣ ਵਾਲ਼ੇ ਦੀ
ਕੁਰਖ਼ਤ ਆਵਾਜ਼ ਵਿਚ ਝਿੜਕ

ਜੁੱਤੀ ਮੁੜ ਆਉਂਦੀ
ਬੱਚੇ ਦੇ ਨਿੱਕੇ-ਨਿੱਕੇ ਹੱਥਾਂ ਵਿਚ
ਤੇ ਉਸੇ ਜੁੱਤੀ ਦੇ ਰਾਹੀਂ...
ਉੱਚੀ ਕੁਰਸੀ ’ਤੇ ਬੈਠੇ ਸਖ਼ਸ਼ ਦੀ ਅੱਖ ਵਿਚ
ਝਾਕਦਾ ਉਹ ਬਾਲ-ਮਨ

ਉਸ ਝਾਕਣੀ ’ਚ ਹੋ ਜਾਦੀਆਂ ਨੇ
ਦੋ ਆਵਾਜ਼ਾਂ ਗੁੱਥਮ-ਗੁੱਥਾ—
ਗਾਹਕ ਦੀ ਦੁਕਾਨ ਵਿਚਲੀ ‘ਝਿੜਕ’
ਤੇ ਕਲਾਸ ਵਿਚ ਅਧਿਆਪਕ ਦੀ ‘ਸ਼ਾਬਾਸ਼’

***

## ਨਵੇਂ ਪਰਵਾਸੀਆਂ ਦਾ ਨਵਾਂ ਸਾਲ

ਪਿੰਡ ਦੀਆਂ ਜੂਹਾਂ 'ਚ
ਬਚਪਨ ਹੰਢਾਉਂਦਿਆਂ
ਕੋਈ ਨਹੀਂ ਸੀ ਇਲਮ ਨਵੇਂ ਸਾਲ ਦਾ

ਹਮੇਸ਼ਾ ਵਾਂਗ ਚੜ੍ਹਦੀ ਸੀ
ਸੂਰਜ ਦੀ ਟਿੱਕੀ
ਪੁਰਾਣੇ ਦਿਨ ਵਾਂਗ ਹੀ ਹੁੰਦਾ ਸੀ
ਨਵਾਂ ਦਿਨ

ਫਿਰ ਆਈਆਂ ਕਾਲਜ ਦੀਆਂ ਮੌਜਾਂ

ਰਾਤਾਂ ਨੂੰ ਜਾਗ ਕੇ
ਜਸ਼ਨ ਮਨਾਉਣੇ ਦੋਸਤਾਂ ਸੰਗ
ਬੇਫ਼ਿਕਰੀ ਦੀਆਂ ਲੋਰਾਂ 'ਚ
ਸੜਕਾਂ 'ਤੇ ਮਚਾਉਂਦੇ ਖ਼ਰੂਦ
ਅੱਧੀ ਰਾਤ ਨੂੰ
ਉਡੀਕਦੇ ਸਾਂ ਸੂਰਜ

ਮੈਂ ਮੁੜ ਆਇਆ ਹਾਂ
ਕੰਮ ਤੋਂ ਥੱਕਿਆ-ਟੁੱਟਿਆ
ਨੀਰਸ ਜਿਹੇ ਕਵਾਟਰ ਵਿਚ
ਹੁਣੇ ਹੀ ਬਣ ਜਾਵੇਗਾ ਜੋ
ਫਿੱਕਾ ਜਿਹਾ ਰੇਸਟੋਰੈਂਟ

ਬਿਨ ਮਾਂ-ਬਾਪ
ਬਿਨ ਰਿਸ਼ਤੇਦਾਰ
ਸੱਤ ਸਮੁੰਦਰ ਪਾਰ
ਆਪਣੇ ਜਿਹੇ ਅਣਜਾਣ ਚਿਹਰਿਆਂ ਨਾਲ਼
ਪਰਦੇਸ ਦੀ ਭੀੜ ਵਿਚ
ਮੈਂ ਮਨਾ ਰਿਹਾ ਹਾਂ
ਨਵੇਂ ਸਾਲ ਦਾ ਜਸ਼ਨ ਅਜਨਬੀ ਵਾਂਗ

ਇਹ ਸਾਲ ਨਾ ਮੇਰਾ ਹੈ
ਨਾ ਸਾਡਾ
ਬਸ ਵਗਦੇ ਸਮੇਂ ਦੀ
ਇਕ ਬੇਜਾਨ ਤਾਰੀਖ਼ ਹੈ

ਸਾਲ ਨਵਾਂ ਤਾਂ ਤਦ ਹੋਵੇ
ਜੇ ਨਿਕਲਣਾ ਨਾ ਪਵੇ ਕਲ੍ਹ
ਫਿਰ ਰੋਜ਼ੀ-ਰੋਟੀ ਦੀ ਭਾਲ਼ ਵਿਚ

***

## ਨਵਾਂ ਸਾਲ ਮੁਬਾਰਕ

ਆਖ ਤਾਂ ਬੈਠਾ
ਨਵਾਂ ਸਾਲ ਮੁਬਾਰਕ
ਦਿਲ ਨੇ ਪਰ ਪੁੱਛ ਲਿਆ ਮੈਥੋਂ
ਝਕਦਿਆਂ-ਝਕਦਿਆਂ—
ਕੀ ਵਧਾਈਆਂ ਦਾ ਹੱਕ
ਮਿਲ਼ ਗਿਆ ਹੈ ਹਰ ਮਨੁੱਖ ਨੂੰ?

ਓਥੇ ਹੈ ਜਸ਼ਨ ਦੀ ਜਗ੍ਹਾ ਕਿੱਥੇ
ਇਨਸਾਨੀਅਤ ਨੂੰ ਰੌਂਦਿਆ ਹੋਵੇ
ਭੁੱਖ-ਦੁੱਖ ਨੇ ਜਿੱਥੇ!

ਕੀ ਖਿੜ ਪਵੇਗਾ ਇਸ ਵਾਰ
ਵਿਹੜੇ 'ਚ ਖੜ੍ਹਾ
ਉਦਾਸ ਚਿਹਰੇ ਵਾਲ਼ਾ ਮਨੁੱਖ
ਵੇਖ ਕੇ ਆਸਮਾਨ ਵਿਚ
ਚਹਿਕਦੀ ਆਤਿਸ਼ਬਾਜ਼ੀ?

ਕੀ ਭੁੱਲ ਸਕੇਗੀ ਆਪਣਾ ਦਰਦ
ਮੈਲ਼ੇ ਖ਼ਾਲੀ ਝੋਲ਼ੇ ਨਾਲ਼
ਅੱਜ ਵੀ ਲੋੜਾਂ ਦੀ ਰਾਖੀ ਕਰ ਰਹੀ ਜ਼ਿੰਦਗੀ?

ਜੰਗ ਦੇ ਕੰਨ-ਪਾੜਵੇਂ ਸ਼ੋਰ ਦੀ ਥਾਂ
ਕੀ ਛਿੜੇਗਾ ਅਮਨ ਦਾ ਸੰਗੀਤ?
ਥੱਕ ਜਾਣਗੇ ਕੀ ਇਸ ਸਾਲ
ਵਹਿਣੇ ਮਨੁੱਖੀ ਖ਼ੂਨ
ਤੇ ਉੱਠਣੇ ਬਾਰੂਦੀ ਧੂੰਏਂ?

ਖੇਤਾਂ ਦੀ ਪੱਕੀ ਫ਼ਸਲ
ਲੈ ਲਵੇਗੀ ਆਪਣਾ ਵਾਜਬ ਮੁੱਲ?

ਲੁੱਟ ਦਾ ਡਰ ਮਲੀਨ ਕਰ ਦੇਵੇਗਾ
ਨਵੇਂ ਸਾਲ ਦੀ ਪਹਿਲੀ ਸਵੇਰ?

ਤੇ ਆਖ਼ਰਕਾਰ—
ਕੀ, ਜਾਗਣਗੇ ਅੱਧ-ਸੁੱਤੇ ਲੋਕ
ਜੋ ਨਾ ਸਿਰਫ਼ ਮੁਬਾਰਕਬਾਦ ਕਹਿਣ
ਸਗੋਂ ਉੱਠ ਖੜ੍ਹਨ ਨਵੇਂ ਸਾਲ ਦੀ ਦਹਿਲੀਜ਼ ’ਤੇ
ਘੜਨ ਲਈ ਬਰਾਬਰੀ ਦਾ ਸਮਾਜ?

❊❊❊

## ਬੰਦਾ ਹਾਰਦਾ ਨਹੀਂ

ਬੰਦਾ ਜਦ
ਛੱਡ ਕੇ ਜਨਮ-ਭੋਇੰ
ਤੁਰਦਾ ਹੈ ਕਰਮ-ਭੂਮੀ ਵਲ
ਘਰ, ਪਿੰਡ, ਸ਼ਹਿਰ, ਦੇਸ਼
ਜਾਗਦੇ ਨਹੀਂ
ਸਿਰਫ਼ ਸੁਪਨਿਆਂ ਵਿਚ ਆਉਂਦੇ ਨੇ

ਅਣਜਾਣ ਰਾਹਾਂ ’ਤੇ
ਖੁੱਲ੍ਹੀ ਸੜਕ ’ਤੇ ਇਕੱਲਾ ਖੜ੍ਹਾ ਉਹ
ਉਡੀਕਦਾ ਹੈ ਕਿ ਕਦ ਲੰਘੇਗਾ
ਇਸ ਤੇਜ਼ ਦੌੜਦੀ ਦੁਨੀਆ ਤੋਂ ਪਾਰ

ਇਕੱਠੀਆਂ ਕੀਤੀਆਂ
ਭਾਵਨਾਵਾਂ ਤੇ ਵਿਚਾਰਾਂ
ਟੁੱਟਣ ਲੱਗ ਪੈਂਦੀਆਂ ਨੇ
ਕਈ ਵਾਰੀ ਆਪਣੇ-ਆਪ

ਜਿਨ੍ਹਾਂ ਥਾਵਾਂ ਤੇ ਰਿਸ਼ਤਿਆਂ ਨਾਲ਼
ਸ਼ੁਰੂ ਵਿਚ ਮੋਹ ਹੁੰਦਾ ਸੀ
ਉਹੀ ਕਰ ਜਾਂਦੇ ਨੇ ਉਦਾਸ

ਤੁਰਨ ਤੋਂ ਪਹਿਲਾਂ ਸਿਰਜੇ ਸੁਪਨੇ
ਖਿੰਡਣ ਲੱਗਦੇ ਨੇ ਖ਼ੁਦ ਹੀ
ਮਿਲਣ ਸਮੇਂ ਦੇ ਰਿਸ਼ਤੇ
ਬੇਜ਼ਾਰੀ ਦੇ ਚੜ੍ਹਾ ਦਿੰਦੇ ਨੇ ਰੰਗ
ਜੋ ਬੰਦੇ ਨੂੰ ਸੋਚ ਦੇ
ਇਕ ਨਵੇਂ ਸਫ਼ਰ ਵਲ ਤੁਰਨ ਲਈ
ਕਰਦੇ ਨੇ ਮਜਬੂਰ

ਰਿਸ਼ਤਿਆਂ ਤੋਂ ਵੱਧ
ਬਿਗਾਨੇ ਦੇਸ਼ ਦੀ ਭਾਸ਼ਾ
ਅਣਜਾਣੀ ਜਾਪਦੀ ਹੈ
ਪਰ ਦਿੰਦੀ ਹੈ ਪਛਾਣ ਦਾ
ਅਧੂਰਾ ਅਹਿਸਾਸ

ਆਖ਼ਰ 'ਪਰ' ਦੀ ਸੋਚ
ਜਦ ਰਲ਼ਦੀ ਹੈ 'ਨਿੱਜ' ਦੀ ਸੋਚ ਨਾਲ਼
ਲਗਦਾ ਹੈ—ਪਰਵਾਸ ਦਾ ਸਫ਼ਰ
ਚੱਲਦਾ ਆ ਰਿਹਾ ਹੈ ਅਜ਼ਲ ਤੋਂ
ਚਲਦਾ ਰਹੇਗਾ ਹਸ਼ਰ ਤਕ

ਤੇ ਬੰਦਾ ਆਖ਼ਰ ਕਦੇ ਨਹੀਂ ਹਾਰਦਾ
ਭਟਕਣਾਂ ਨੂੰ ਜਿੱਤਦਿਆਂ ਹੋਇਆਂ
ਸਮਝਣ ਲਗਦਾ ਹੈ ਨਵੀਂ ਦੁਨੀਆ ਨੂੰ
ਤੇ ਬਣ ਜਾਂਦਾ ਹੈ ਇਸਦਾ ਅਟੁੱਟ ਹਿੱਸਾ

❊❊❊

## ਆਵਾਜ਼ ਫੈਲਦੀ ਹੈ

ਉਹ ਜੋ
ਤਿਰਪਾਲ਼ਾਂ ਦੀਆਂ ਚੋਂਦੀਆਂ ਝੁੱਗੀਆਂ 'ਚ
ਕਰਦੇ ਰਹੇ ਬਸਰ
ਟੁੱਟੇ ਬਰਤਨਾਂ 'ਚ ਭਰਦੇ ਰਹੇ
ਪਾਣੀ ਦੀਆਂ ਘਰਾਲ਼ਾਂ

ਹੋ ਤੁਰੇ ਨੇ ਘਰਾਂ ਨੂੰ
ਬੰਨ੍ਹ ਕੇ ਸਿਰਾਂ 'ਤੇ
ਟੁੱਟ ਗਏ ਸੁਪਨਿਆਂ ਦੀਆਂ ਗੱਠੜੀਆਂ
ਕਦੇ ਆਏ ਸਨ ਜੋ
ਉੱਚੇ ਭਵਨਾਂ ਤੇ ਖੁੱਲ੍ਹੀਆਂ ਸੜਕਾਂ ਵਲ
ਜੀਵਨ ਦੀ ਵਿਸ਼ਾਲਤਾ ਦਾ ਆਨੰਦ ਮਾਣਨ
ਉਮੀਦਾਂ ਦੇ ਖੰਭਾਂ ਨਾਲ਼ ਉਡਾਰੀ ਮਾਰਨ

ਇਹਨਾਂ ਨੂੰ ਉੱਚਿਉਂ ਹੋਰ ਉੱਚਾ ਕਰਨ ਵਾਲ਼ੇ
ਨਿਕਲ਼ੇ ਨੇ ਅੱਜ ਸ਼ਹਿਰ ਵਿਚੋਂ
ਬਿਗਾਨਿਆਂ ਵਾਂਗ

ਜੰਗਲ਼ਾਂ, ਨਦੀਆਂ, ਪਟੜੀਆਂ ਤੇ ਚਲਦਿਆਂ
ਪੈਰਾਂ ਦੇ ਛਾਲੇ ਤੁਰ ਪਏ ਨੇ
ਧਰਤੀ 'ਤੇ ਖ਼ੂਨ ਦੇ ਨਕਸ਼ੇ ਬਣਾਉਂਦੇ ਹੋਏ
ਨਾ ਮੁੱਕਣ ਵਾਲੇ ਰਾਹਾਂ ਤੇ...

ਸਿਰਾਂ 'ਤੇ ਗਠੜੀਆਂ
ਬਾਸੀ ਰੋਟੀ ਦੇ ਟੁਕੜੇ
ਭੁੱਖੇ-ਭਾਣੇ ਮੋਢਿਆਂ 'ਤੇ ਚੁੱਕੇ ਅੱਧਮੋਏ ਬੱਚੇ

ਭੱਠੀਆਂ ਵਾਂਗ ਤਪਦੀਆਂ ਸੜਕਾਂ
ਪੈਰਾਂ ਦੀਆਂ ਤਲੀਆਂ 'ਤੇ ਅਣਚਾਹੇ ਛਾਲੇ
ਉੱਭੇ ਸਾਹ ਲੈਂਦੇ ਗ਼ਲੇ
ਬੁੱਲਾਂ 'ਤੇ ਜੰਮੀ ਪੇਪੜੀ
ਖੜ੍ਹ ਜਾਂਦੇ ਰਾਹਾਂ 'ਚ ਅਹਿਸਾਨ ਜਤਾਉਂਦੇ
ਦਾਨੀਆਂ ਦੇ ਛੋਲੇ-ਕੁਲਚਿਆਂ ਦੀ
ਰੁਕ-ਰੁਕ ਹੁੰਦੀ ਬਰਸਾਤ ਹੇਠ

ਜਣੇਪਿਆਂ ਦੀਆਂ ਪੀੜਾਂ
ਸੜਕਾਂ ਨੇ ਸੰਭਾਲ਼ੀਆਂ ਬਣ ਕੇ ਦਾਈਆਂ
ਨੰਨ੍ਹੇ ਬੱਚੇ ਦੀ ਕਿਲਕਾਰੀ ਲੈ ਕੇ
ਮਾਂ ਦਾ ਸਫ਼ਰ ਨੂੰ ਚੱਲ ਪੈਣਾ

ਦਰਦਨਾਕ ਹਾਦਸੇ ਵਿਛ ਗਏ
ਬਣ ਕੇ ਪਟੜੀਆਂ 'ਤੇ
ਖ਼ੂਨ ਨਾਲ਼ ਲੱਥਪੱਥ ਚਿੱਥੜੇ

ਸਫ਼ਰ ਦਾ ਅੰਤ ਹੋਣ ਤੋਂ ਪਹਿਲਾਂ
ਉੱਚੀ ਆਵਾਜ਼ ਫੈਲਦੀ ਹੈ—
ਤੁਸਾਂ, ਤਸੀਹੇ ਝੱਲਦਿਆਂ ਨੇ ਵੇਖਣਾ ਹੈ
ਇਹ ਸਫ਼ਰ ਮੁਕਾਉਣਾ ਹੈ
ਕਿ ਰੱਖਣਾ ਹੈ ਅਣਮੁੱਕਿਆ!

❊❊❊

## ਲਾਵਾਰਿਸ ਹੋਣ ਦਾ ਅਹਿਸਾਸ

ਕਲ੍ਹ ਤਕ ਗਰਾਜ ਦੀਆਂ ਕੰਧਾਂ ਵੀ
ਉਸਨੂੰ ਘਰ ਹੋਣ ਦਾ ਭੁਲੇਖਾ ਪਾਉਂਦੀਆਂ ਸਨ

ਧੀਮੀ-ਧੀਮੀ ਸੋਚ ਦਾ ਦਰਦ
ਲੈ ਆਇਆ ਉਸਨੂੰ ਅਖੌਤੀ ਘਰੋਂ ਬਾਹਰ

ਸੜਕ 'ਤੇ ਧਰਦਿਆਂ ਪਹਿਲਾ ਕਦਮ
ਡਿੱਗ ਪਈ ਉਹਦੀ ਨਜ਼ਰ ਦੀ ਐਨਕ
ਮੋਟੇ ਸ਼ੀਸ਼ੇ ਹੋ ਗਏ ਚਕਨਾਚੂਰ
ਉਹ ਤੁਰਿਆ ਗਿਆ ਫਿਰ ਵੀ ਅੱਗੇ-ਅੱਗੇ

ਕਿਸੇ ਨੇ ਪੁੱਛਿਆ ਉਹਦਾ ਨਾਮ
ਮਨ 'ਚ ਫਿਰ ਗਿਆ ਕਰਦ ਵਾਂਗ
ਲਾਵਾਰਿਸ ਹੋਣ ਦਾ ਅਹਿਸਾਸ

ਬੜਾ ਬੇਸਹਾਰਾ ਸੀ ਉਹ
ਮਾਪਿਆਂ ਤੋਂ ਵਿਛੜਨ ਸਮੇਂ
ਬਿਨਾਂ ਸੰਵਾਦ ਦੇ
ਪਰਖਿਆ ਗਿਆ ਸੀ ਉਹਦਾ ਸਾਥ
ਮਰਜ਼ੀ ਬਗ਼ੈਰ ਨਰੜਿਆ ਗਿਆ ਸੀ ਉਹ
ਬਿਨਾਂ ਸੰਵਾਦ ਨਿਭੀ ਗਿਆ ਉਹ ਨਰੜ

ਉਸਨੂੰ ਜਾਪਿਆ ਕੁਝ ਪਲ
ਕਿ ਕਿਸੇ ਦਾ ਵੀ ਨਹੀਂ ਰਿਹਾ ਉਹ ਹੁਣ
ਆਪਣੇ-ਆਪ ਦਾ ਵੀ ਨਹੀਂ ਜਿਵੇਂ
ਹੋਂਦ ਦੀ ਲੜਾਈ
ਨਾ ਜਿੱਤਿਆ ਹੈ ਨਾ ਹਾਰਿਆ

ਟੁੱਟੇ ਸ਼ੀਸ਼ਿਆਂ ਵਾਲ਼ਾ ਚੁੱਕਿਆ
ਉਹਨੇ ਐਨਕ ਦਾ ਫ਼੍ਰੇਮ
ਅੱਖਾਂ 'ਤੇ ਲਾ ਕੇ
ਵੇਖਦਾ ਹੈ ਆਵਾਜਾਈ ਦੀ ਰੌਣਕ
ਤੁਰ ਪਿਆ ਸਾਬਤ-ਕਦਮੀਂ
ਛੰਡ ਕੇ ਲਾਵਾਰਿਸ ਹੋਣ ਦਾ ਅਹਿਸਾਸ

***

## ਇਹ ਵੀ ਬੀਤ ਜਾਣੀ ਹੈ

ਉਮਰ ਦਾ ਇਕ ਪੜਾਅ
ਜਦੋਂ ਧਰੇ ਪੈਰ ਪੋਲੇ-ਪੋਲੇ
ਕਦਮ ਨਪੇ-ਤੋਲੇ
ਧੀਮੀ ਚਾਲੇ ਚੱਲਦਾ
ਇਨਸਾਨ ਚੁੱਪ-ਚੁਪੀਤੇ
ਜਾ ਬੈਠਦਾ ਪਾਰਕ ਵਿਚ

ਯਾਦਾਂ ਤੋਂ ਪਰਦਾ ਹਟਾਉਂਦਾ
ਉਜਾੜੇ ਦੀ ਡੂੰਘੀ ਚੀਸ ਨਮੂਦਾਰ ਹੁੰਦੀ
ਵੰਡੀ ਸਾਂਝੀ ਧਰਤੀ
ਸਾਂਝੇ ਬੋਲ
ਖ਼ੂਨ ਦੀਆਂ ਵਗੀਆਂ ਨਦੀਆਂ
ਤੇ ਨਫ਼ਰਤ ਉੱਘੜ ਆਉਂਦੀ
ਯਾਦਾਂ ਦੀ ਪਰਤ ਹੇਠੋਂ

ਸਰਹੱਦ ਦੇ ਇਸ ਪਾਰ
ਘਰ ਦੀ ਤਲਾਸ਼
ਪੈਸਾ ਕਮਾਉਣ ਦੀ ਇੱਛਾ ਤੇ ਤੇਜ਼ ਦੌੜ
ਦੂਸਰਿਆਂ ਤੋਂ ਤਾਕਤਵਰ
ਦਿਖਾਉਣ ਦੀ ਲਾਲਸਾ
ਪੌਸ਼ ਕਾਲੋਨੀ ਵਿਚ ਘਰ ਬਣਾਉਣਾ
ਆਲ਼ੇ-ਦੁਆਲ਼ੇ ਤੋਂ ਉੱਚਾ ਹੋ ਕੇ ਦਿਖਾਉਣਾ
ਬੱਚਿਆਂ ਨੂੰ ਪੜ੍ਹਾਉਣਾ
ਗ਼ੁਲਾਮੀ ਦੂਜਿਆਂ 'ਤੇ ਥੋਪਣ ਲਈ
ਖ਼ੁਦ ਗ਼ੁਲਾਮੀ ਦੀ ਭਾਸ਼ਾ ਅਪਣਾਉਣਾ

ਸਭ ਯਾਦ ਹੈ ਉਸਨੂੰ—
ਪੈਸੇ ਦੇ ਮੋਹ ਨੇ ਕਿਵੇਂ
ਰਿਸ਼ਤਿਆਂ ਦੀ ਤੰਦ ਨੂੰ ਕਮਜ਼ੋਰ ਕੀਤਾ
ਧਰਤੀ ਤੋਂ ਪਿੱਛਾ ਛੁਡਾਇਆ
ਬੱਚਿਆਂ ਨੂੰ ਪਾਇਆ ਪਰਵਾਸ ਦੇ ਰਾਹ
ਘਰ ਵਿਚ ਕਿਵੇਂ
ਖ਼ੁਸ਼ੀ ਦੇ ਹੰਝੂ ਵਹੇ!

ਵਰ੍ਹਿਆਂ ਬਾਅਦ ਇਹੀ
ਉਦਾਸੀ ਦਾ ਸਬੱਬ ਬਣੇ
ਪਿੱਛੇ ਨਾਲ਼ ਤੋੜ-ਵਿਛੋੜਾ
ਅੱਗੇ ਨਾਲ਼ ਰਿਸ਼ਤਾ ਨਿਭਾਉਣਾ
ਸੋਚਿਆ ਤਾਂ ਹੋਵੇਗਾ ਆਖ਼ਰ

ਇਕੱਲਤਾ ਤੋਂ ਖਹਿੜਾ ਛੁਡਾਉਣ ਲਈ
ਸ਼ਹਿਰੋਂ ਬਾਹਰ ਨਦੀ ਦੇ ਕੰਢੇ
ਨਵੇਂ ਦੌਰ ਦਾ
ਬਿਰਧ ਆਸ਼ਰਮ ਅਪਣਾਉਣਾ
ਵਿੱਛੜ ਚੁੱਕਿਆਂ ਨੂੰਹ
ਸਾਥੀ ਬਣਾਉਣਾ

ਇਕੱਲਤਾ ਤੋਂ ਬਾਹਰ ਨਹੀਂ ਆ ਪਾਇਆ
ਯਾਦਾਂ ਦੀ ਭੀੜ ਵਿਚ
ਬੈਠਾ ਹੋਇਆ ਵੀ
ਗੁਆਚੇ ਨੂੰ ਤਲਾਸ਼ ਕਰਦਾ
ਭਟਕੇ ਧਰਵਾਸ ਸੀਨੇ ਲਗਾ ਕੇ—
ਇਹ ਵੀ ਬੀਤ ਜਾਣੀ ਹੈ

❋❋❋

## ਮੌਰਚਰੀ 'ਚ ਬਾਪ ਦੀ ਲਾਸ਼

ਅੱਜ-ਕਲ੍ਹ ਬੰਦਾ ਰਿਸ਼ਤੇ ਨਹੀਂ
ਲੋੜਾਂ ਪਛਾਣਦਾ ਹੈ
ਜਦੋਂ ਵੱਜਦਾ ਹੈ ਫੋਨ
ਤੇ ਲੋੜ ਆਉਂਦੀ ਹੈ
ਚਾਪਲੂਸੀ 'ਤੇ ਹੋ ਕੇ ਸਵਾਰ

ਰਿਸ਼ਤੇ ਜ਼ਬਾਨ 'ਤੇ ਨਹੀਂ ਆਉਂਦੇ
ਇਧਰੋਂ ਉਧਰ ਕਰਦੇ ਨੇ ਸਫ਼ਰ ਇਕੋ ਵੇਲ਼ੇ
ਸਾਂਝੇ ਧੰਦਿਆਂ 'ਚ ਹੁੰਦੇ
ਲਾਲਚੀ ਅੱਖਾਂ 'ਚ ਰਹਿੰਦੇ ਨੇ
ਸਥਿਰਤਾ ਗੁੰਮ ਹੈ ਵਰਤਾਰਿਆਂ 'ਚੋਂ
ਮਨ ਰਹਿੰਦਾ ਹੈ ਘਬਰਾਇਆ-ਘਬਰਾਇਆ

ਉੱਸਰਦੇ ਸ਼ਹਿਰਾਂ 'ਚ ਇਹ
ਰਹਿਣਗੇ ਕਿੰਨੇ ਕੁ ਦਿਨ ਪੀਢੇ ਰਿਸ਼ਤੇ
ਬਦਲ ਜਾਣਗੇ
ਉਤਪਾਦਨ ਦੇ ਸਾਧਨਾਂ ਵਾਂਗ ਆਖ਼ਰ

ਬਾਜ਼ਾਰ ਤਾਂ ਬਦਲ ਦਿੰਦਾ ਹੈ
ਰਾਬਤਿਆਂ ਦੀ ਤਾਸੀਰ
ਕੰਮ ਨਾਲ਼ ਜੋੜਦਾ
ਮੁਨਾਫ਼ੇ ਲਈ ਤੋਲਦਾ
ਘਰ-ਪਰਿਵਾਰ ਲਈ ਤਵੱਜੋ
ਕਰ ਦੇਂਦਾ ਹੈ ਦਿਮਾਗ਼ 'ਚੋਂ ਮਨਫ਼ੀ
ਘਰ ਪਰਤਣ ਦੀ ਕਾਹਲ਼ੀ
ਕਰ ਲੈਂਦਾ ਹੈ ਦਿਲਾਂ 'ਚੋਂ ਚੋਰੀ

ਰਿਸ਼ਤਿਆਂ ਨੇ ਕਰ ਲਈ ਭਾਈਵਾਲੀ
ਸਮਿਆਂ ਦੇ ਪਾੜਿਆਂ ਨਾਲ਼
ਸਮੁੰਦਰ-ਪਾਰ ਦੀਆਂ ਦੂਰੀਆਂ ਸੰਗ

ਇਕੱਲਤਾ ਨੇ ਲਾ ਲਿਆ ਹੈ
ਮਨਾਂ 'ਚ ਇਸ ਤਰ੍ਹਾਂ ਡੇਰਾ
ਕਿ ਮੌਰਚਰੀ 'ਚ ਬਾਪ ਦੀ ਲਾਸ਼ ਨੂੰ
ਉਡੀਕਣਾ ਪਵੇਗਾ ਹੁਣ ਪੁੱਤ ਦੇ ਆਉਣ ਤਕ!

***

## ਪਤਾ ਤਾਂ ਕਰੀਏ

ਪਤਾ ਤਾਂ ਕਰੀਏ ਕੌਣ ਹੈ?
ਸਰਕਸ ਦਾ ਰਿੰਗ ਮਾਸਟਰ
ਅਕੜਾ ਕੇ ਧੌਣ ਘੁਮਾਉਂਦਾ
ਜੋ ਤਮਾਸ਼ੇ ਦਿਖਾਉਂਦਾ ਹੈ
ਕਠਪੁਤਲੀਆਂ ਵਾਂਗ ਨਚਾਉਂਦਾ
ਕਦੇ ਜੋਕਰ ਬੁਲਾ ਕੇ ਹਸਾਉਂਦਾ ਹੈ

ਇਕ ਅਦਿੱਖ ਸ਼ਕਤੀ
ਲੋਕਾਈ ਨੂੰ ਭਰਮਾਉਂਦੀ
ਨਵੇਂ-ਨਵੇਂ ਰੂਪ ਦਿਖਾਉਂਦੀ
ਕਹਿਰ ਦੀ ਅੱਗ ਬਰਸਾਉਂਦੀ

ਸਾਬਤ ਕਰਦੀ ਕਿ ਜੰਗ
ਉਦਾਸੀਆਂ ਵੰਡਣ ਦੀ ਖ਼ੌਫ਼ਨਾਕ ਕਲਾ ਹੈ
ਹਥਿਆਰਾਂ ਦੇ ਤਮਾਸ਼ਿਆਂ ਦੀ ਜੁਗਤ
ਨਿੱਜੀ ਹਿਤਾਂ ਲਈ
ਖੇਡੀ ਜਾਂਦੀ ਭਿਆਨਕ ਖੇਡ
ਗੁਆਂਢੀਆਂ ਦੇ ਜੀਣ-ਸਹਾਰਿਆਂ ਦਾ ਹਨਨ
ਧੌਂਸ ਦਾ ਪ੍ਰਗਟਾਵਾ

ਤਬਾਹੀ ਦਾ ਨੰਗਾ ਨਾਚ ਹੁੰਦਾ ਜੰਗ
ਡਿੱਗਦੇ ਬੰਬ
ਅੱਗ ਦੀ ਬਾਰਿਸ਼
ਲਹੂ ਨਾਲ਼ ਲੱਥ-ਪੱਥ ਧਰਤੀ
ਬਣ ਜਾਂਦੀ ਹੈ ਕਿਸੇ ਲਈ
ਦੀਵਾਲ਼ੀ ਦੀ ਆਤਿਸ਼ਬਾਜ਼ੀ ਦਾ ਜਲੌਅ

ਤੇ ਸਮਝ ਹੀ ਨਾ ਲਗਦੀ
ਕੌਣ ਲਾਉਂਦਾ ਹੈ ?
ਹਰੀਆਂ-ਭਰੀਆਂ ਵਾਦੀਆਂ 'ਚ ਅੱਗ
ਕੌਣ ਪੂਰੇ ਕਰਦਾ ਹੈ?
ਮਿਜ਼ਾਈਲਾਂ ਦਾਗਣ ਦੇ ਸ਼ੌਕ ਪੂਰੇ
ਮਾਸੂਮ ਸੁਪਨਿਆਂ ਦੀ ਤਬਾਹੀ 'ਚ
ਕਿਸਨੂੰ ਮਿਲ਼ਦਾ ਹੈ ਸਕੂਨ
ਕਿਸਦੇ ਸ਼ੁਗਲ ਨੇ
ਨਫ਼ਰਤਾਂ ਦੇ ਜਸ਼ਨ
ਅਮਨਾਂ ਦੇ ਕਤਲ

ਜੰਗ ਦੀ ਅਰਥਹੀਣਤਾ 'ਚੋਂ
ਕੌਣ ਕੱਢ ਲੈਂਦਾ ਹੈ ਸਵਾਰਥੀ ਅਰਥ
ਕਿਸਦੀਆਂ ਪਸੰਦਾਂ ਨੇ
ਨਿਰਾਸ਼ਾ ਦੀ ਡੂੰਘੀ ਖੱਡ ਵਿਚ ਡਿੱਗਦੀਆਂ
ਨੈਤਿਕਤਾ ਅਤੇ ਮਾਨਵਤਾ ਦੀਆਂ ਕਦਰਾਂ
ਜ਼ਿੰਦਗੀ ਦਾ ਵਿਗੜਦਾ ਸੰਤੁਲਨ

ਕੌਣ ਚਾਹੁੰਦਾ ਹੈ?
ਨ੍ਰਿਤਾਂ ਦੀ ਤਾਲ ਵਿਚ ਮਰੋੜੇ ਜਾਂਦੇ ਸੁਰ
ਮਨੁੱਖਤਾ ਦਾ ਗੁਆਚਿਆ ਸਹਿਜ
ਮਾਨਵਤਾ ਦੇ ਗੁਆਚ ਰਹੇ ਮੁੱਲ
ਪੈ ਰਿਹਾ ਕਮਜ਼ੋਰ ਸਿਦਕ
ਹਫੜਾ-ਦਫੜੀ ਦੇ ਨੇਰ੍ਹੇ ਵਿਚ
ਮਨੁੱਖਤਾ 'ਚੋਂ ਅਲੋਪ ਹੋ ਰਹੇ
ਆਰਾਮ ਤੇ ਅਮਨ

❋❋❋

## ਲਾਸ਼ ਸੋਚਦੀ ਹੈ

ਜੰਗ ਦੇ ਮੈਦਾਨ ਤੋਂ ਘਰ ਆਈ
ਤਾਬੂਤ ਦੀ ਕੈਦ ਵਿਚ
ਠੰਢੀ ਪਈ ਲਾਸ਼ ਸੋਚਦੀ ਹੈ—
ਕੁਝ ਦਿਨ ਪਹਿਲਾਂ
ਜ਼ਿੰਦਾ ਇਨਸਾਨ ਸਾਂ ਮੈਂ
ਗਿਆ ਬਿਨਾਂ ਮਰਜ਼ੀ
ਸਾਂਝੀ ਸਰਹੱਦ ’ਤੇ ਬਣਨ ਲਈ
ਬੰਬਾਂ ਦੀ ਵਰਖਾ ਦਾ ਖਾਜਾ

ਖ਼ੂਨ ਦੇ ਛੱਪੜਾਂ ’ਚ ਸਿਸਕਦੀਆਂ
ਵੇਖੀਆਂ ਕਈ ਬੇਕਸੂਰ ਜਾਨਾਂ
ਦੋਚਿੱਤੀ ਵਿਚ ਮੌਤ ਦੀ ਕਰਦਿਆਂ ਉਡੀਕ

ਪੁੱਛਦੀ ਰਹੀ ਬੰਬਾਂ ਦੀ ਗੜਗੜਾਹਟ ਦਰਮਿਆਨ
ਜਦ ਵੀ ਮਿਲ਼ਦੀ ਰਹੀ ਘੜੀ ਕੁ ਦੀ ਚੁੱਪ—
ਸੱਚ ਦੱਸੋ, ਲੜੇ ਹੋ ਢਿੱਡ ਦੀ ਭੁੱਖ ਲਈ
ਕਿ ਦੇਸ਼-ਭਗਤੀ ਦੇ ਭਰਮ ਖ਼ਾਤਰ?

ਜਵਾਬ ਨਾ ਪੇਟ ਕੋਲ਼ ਸੀ
ਨਾ ਦਿਲ ਕੋਲ਼
ਕੀ ਪਤਾ ਸੀ ਕਿ ਮਹਿਲਾਂ 'ਚੋਂ ਨਿਕਲ਼ੀਆਂ
ਚਿੰਤਾ ਦੇ ਮਖੌਟੇ ਪਹਿਨੀ ਸਵਾਰਥੀ ਹਵਾਵਾਂ
ਸਾਡੇ ਕੱਚੇ ਘਰਾਂ 'ਚ ਆ ਵੜਨਾ ਸੀ
ਬਣ ਕੇ ਦੇਸ਼-ਭਗਤੀ ਦਾ ਜਜ਼ਬਾ

ਤੇ ਅਸਾਂ ਫੜ ਕੇ
ਸ਼ਹੀਦੀ ਦੇ ਜਨੂਨ ਦੀਆਂ ਤਖ਼ਤੀਆਂ
ਬਣ ਜਾਣਾ ਸੀ ਸਿਰਫ਼ ਹਥਿਆਰ
ਕਿਲ੍ਹਿਆਂ ਵਰਗੇ ਮਹਿਲਾਂ ਦੀਆਂ ਇੱਜ਼ਤਾਂ ਬਚਾਉਣ ਲਈ
ਲੜਨਾ ਸੀ ਗੁਆਂਢੀ ਨੇ ਗੁਆਂਢੀ ਨਾਲ਼

ਉਨ੍ਹਾਂ ਇਸਨੂੰ ਦੇਸ਼-ਭਗਤੀ ਦਾ ਯੁੱਧ ਕਿਹਾ
ਸਾਡੇ ਜ਼ਿਹਨਾਂ 'ਚ ਭਰ ਦਿੱਤਾ ਫ਼ਤੂਰ
ਇਧਰਲਿਆਂ ਨੂੰ ਜਿਤਾਉਣ ਦਾ
ਉਧਰਲਿਆਂ ਨੂੰ ਹਰਾਉਣ ਦਾ
ਉਸ ਪਾਰ ਜਿੱਤ ਦਾ ਪਰਚਮ ਲਹਿਰਾਉਣਾ ਦਾ

ਝੰਡੇ 'ਚ ਲਿਪਟ ਕੇ ਪਹੁੰਚੀ ਮੈਂ ਘਰ
ਇਨਸਾਨ ਤੋਂ ਬਣ ਕੇ ਲਾਸ਼
ਰਿਸ਼ਤਿਆਂ ਦੇ ਹੋਏ ਘਾਣ ਦੀ ਸਮਝ ਆਈ
ਭਵਿੱਖ ਦੇ ਸੁਪਨਿਆਂ ਦਾ ਘਰ
ਲੱਗ ਗਿਆ ਹੈ ਜੰਗ ਦੀ ਖੇਡ ਵਿਚ ਦਾਅ 'ਤੇ
ਵੱਸਦੇ-ਰਸਦੇ ਘਰ ਹੋ ਗਏ ਨੇ ਸ਼ਮਸ਼ਾਨ

ਮੌਤ ਦੇ ਵਪਾਰੀ ਲਾ ਗਏ ਅੱਗ
ਖ਼ੁਸ਼ੀਆਂ ਤੇ ਖੇੜਿਆਂ ਨੂੰ ਹਰ ਥਾਂ
ਸ਼ਹੀਦਾਂ ਦੀਆਂ ਬਣਾ ਕੇ ਕਤਾਰਾਂ
ਛਾਤੀਆਂ 'ਤੇ ਸਜਾਏ ਜਾ ਰਹੇ ਨੇ ਜੋ ਤਮਗ਼ੇ
ਦਿਲਾਂ 'ਚ ਕਰੀ ਜਾ ਰਹੇ ਨੇ ਛੇਕ

ਤੇ ਸਮਝ ਆਈ—
ਜੇ ਰੋਕਣੀ ਹੈ
ਝੰਡੇ-ਲਪੇਟੇ ਤਾਬੂਤਾਂ ਦੀ ਆਮਦ
ਬਚਾਉਣਾ ਹੈ ਮਨੁੱਖਤਾ ਦਾ ਭਲਕ
ਤਾਂ ਕੁਝ ਨਹੀਂ ਹੋਣਾ
ਅਮਨ ਦੇ ਗੀਤ ਗਾਉਣ ਨਾਲ਼
ਕੁਝ ਨਹੀਂ ਕਰਨਗੇ
ਮੀਡੀਆ ਦੇ ਆਡੰਬਰੀ ਸੁਨੇਹਿਆਂ

ਖਲੋਣਾ ਪੈਣਾ ਹੈ ਸਵਾਰਥੀ ਹਵਾਵਾਂ ਸਾਹਵੇਂ
ਬਣ ਕੇ ਹਿਮਾਲੀਆ ਜਿਹੀਆਂ
ਸਾਂਝਾਂ ਦੀਆਂ ਉੱਚੀਆਂ-ਮਜ਼ਬੂਤ ਦੀਵਾਰਾਂ
ਕਰਨਾ ਪੈਣਾ ਹੈ
ਜੰਗਬਾਜ਼ਾਂ ਨੂੰ ਪਸੀਨੋ-ਪਸੀਨੀ

❉❉❉

## ਭਵਿੱਖ ਦਾ ਇਤਿਹਾਸ

ਇਹੀ ਰਿਹਾ ਜੇ ਵਰਤਾਰਾ
ਸਾਡੀ ਉਦਾਸੀਨਤਾ ਦਾ
ਤਾਂ ਭਵਿੱਖ ਵਿਚ ਲਿਖਿਆ ਜਾਵੇਗਾ ਜਦ
ਗੁਜ਼ਰ ਰਹੇ ਆਡੰਬਰੀ ਦੌਰ ਦਾ ਇਤਿਹਾਸ

ਡਰ-ਡਰ ਕੇ ਕਲਮ ਤੇ ਕਾਗ਼ਜ਼
ਪਾਉਣਗੇ ਬਾਤ ਸਥਾਪਤੀ ਦੀਆਂ ਮਨਮਾਨੀਆਂ ਦੀ
ਸਹਿਮੇ ਹੋਏ ਕੈਨਵਸ, ਬੁਰਸ਼ ਤੇ ਰੰਗ
ਚਿਤਰਨਗੇ ਮਨੁੱਖਤਾ ਦਾ ਹੋ ਰਿਹਾ ਘਾਣ

ਸਟੇਜਾਂ-ਪਰਦਿਆਂ 'ਤੇ ਅਦਾਕਾਰ
ਕਰ ਜਾਣਗੇ ਅਨੋਖੀ ਪੇਸ਼ਕਾਰੀ
ਕਿ ਬੀਤੇ ਸਮੇਂ ਦੇ ਨਕਸ਼
ਉੱਭਰ ਆਉਣਗੇ ਭਵਿੱਖ ਵਿਚ

ਵਕਤ ਦੇ ਭੰਨੇ ਦਰਦ ਭਰੇ ਮਾਹੌਲ ਵਿਚ
ਮਸਾਂ ਜਿਊਣ ਜੋਗੇ ਲੋਕ
ਪਾਉਣਗੇ ਆਪਣੇ ਹੀ ਢੰਗ ਨਾਲ਼
ਅਦਭੁਤ ਕਹਾਣੀਆਂ

ਅਸੀਂ ਜੋ ਦੇ ਰਹੇ ਹਾਂ
ਨਵੀਆਂ ਕਲਮਾਂ ਨੂੰ ਉਲਝੇ ਹੋਏ ਤੱਥ
ਇਹਨਾਂ ਦੀ ਭਰਪੂਰਤਾ ਨੇ ਇਕ ਦਿਨ
ਕਲਪਨਾ ਨੂੰ ਹਕੀਕਤ ਦੇ ਪਵਾ ਦੇਣੇ ਨੇ ਕੱਪੜੇ
ਸੱਚ ਨੂੰ ਝੂਠ ਕਰ ਦੇਣਾ ਹੈ ਸਾਬਤ
ਝੂਠ ਨੂੰ ਦਿਖਾ ਦੇਣਾ ਹੈ ਸੱਚ ਵਾਂਗ

ਕਾਸ਼ ਕਿ ਏਨਾ ਵਿਕੋਲਿਤਰਾ ਨਾ ਹੋਵੇ
ਸਾਡੇ ਦੌਰ ਦਾ ਲਿਖਿਆ ਇਤਿਹਾਸ

❋❋❋

## ਜ਼ਿੰਦਾ ਰਹਿਣ ਦੀ ਉਮੀਦ

ਕਿਸੇ ਚਿਤਵਿਆ ਹੀ ਨਹੀਂ ਸੀ
ਕਿ ਮੌਤ ਦਾ ਫ਼ਰਿਸ਼ਤਾ ਬਣ ਕੇ ਮਹਾਮਾਰੀ
ਆ ਜਾਵੇਗੀ ਅਚਾਨਕ
ਦੌੜ ਰਹੀ ਜ਼ਿੰਦਗੀ ਦੀ ਛਾਤੀ 'ਚ
ਖੁਭ ਜਾਵੇਗਾ ਉਹਦਾ ਅਦਿੱਖ ਖ਼ੰਜਰ

ਹੌਲ਼ੀ ਜਿਹੀ ਟੱਪ ਕੇ ਦਹਿਲੀਜ਼
ਫੈਲਣ ਲੱਗਾ ਚੀਕ ਚਿਹਾੜਾ
ਤੇ ਸਹਿਮ ਵਧਣ ਲੱਗਾ ਆਲ਼ੇ-ਦੁਆਲ਼ੇ

ਮੌਤ ਸਿਰਜਦੀ ਹੈ
ਦਰਦਨਾਕ ਮਾਹੌਲ ਦਾ ਮੰਜ਼ਰ
ਸ਼ਾਮਲ ਹੈ ਜਿਸ ਵਿਚ
ਲੌਕਡਾਊਨ ਵਿਚ ਖ਼ਾਲੀ ਸੜਕਾਂ
ਸੋਚ ਦੇ ਜੰਗਲ਼ 'ਚ
ਦੂਰ ਅੰਦਰ ਤਕ ਅੰਧ-ਵਿਸ਼ਵਾਸ਼ ਦੀ
ਕਾਲ਼ੀ-ਬੋਲ਼ੀ ਰਾਤ
ਪਸਰੀ ਹੋਈ ਅੰਤਹੀਣ ਚੁੱਪ
ਸਦਮੇ, ਨਿਰਾਸ਼ਤਾ, ਘਬਰਾਹਟ
ਡਰੇ ਮਨਾਂ 'ਚ ਖਲਬਲੀ

ਸ਼ਾਮਲ ਹੈ ਨਿੱਤਕ੍ਰਮ ਵਿਚ—
ਘਰਾਂ 'ਚ ਤੜੇ ਰਹਿਣਾ
ਝੱਟ ਕੁ ਮਗਰੋਂ ਟੀ.ਵੀ. ਔਨ-ਔਫ਼ ਕਰਨਾ
ਬਾਰ-ਬਾਰ ਹੱਥ ਧੋਣਾ
ਨੀਂਦ ਤੋਂ ਤ੍ਰਬਕ ਉੱਠਣਾ
ਸਮਾਜਿਕ ਬਣ ਗਈ ਸਰੀਰਿਕ ਦੂਰੀ

ਤੇ ਦੂਰ ਕਿਧਰੇ ਹੈ
ਆਪਸੀ ਸਨੇਹ ਦੇ ਦਿਸਹੱਦੇ 'ਤੇ
ਚੇਤਨਾ ਦੇ ਹਥਿਆਰ ਸੰਗ
ਨਿਰਾਸ਼ਾ 'ਚ ਆਸ਼ਾ ਤਲਾਸ਼ਦੀ
ਜ਼ਿੰਦਾ ਰਹਿਣ ਦੀ ਉਮੀਦ
ਕਰਦੀ ਕਰੂਰ ਕਾਲ ਦੇ ਵਿਰੁੱਧ ਜੰਗ

❋❋❋

## ਟਿਮਟਿਮਾਉਂਦਾ ਟਟਹਿਣਾ

ਹਨੇਰਾ ਸੰਘਣਾ ਹੋ ਗਿਆ ਹੈ

ਹਰ ਕੋਨਾ ਸਿਮਟਿਆ ਹੈ ਆਪਣੇ-ਆਪ ਵਿਚ
ਡਰੇ ਹੋਏ ਬੱਚੇ ਵਾਂਗ
ਚੁੱਪ ਹੀ ਚੁੱਪ ਹੈ ਹਰ ਤਰਫ਼
ਹੱਥ ਨੂੰ ਹੱਥ ਨਹੀਂ ਦਿਸਦਾ
ਭਟਕਣਾ, ਜਿਵੇਂ ਜ਼ਿੰਦਗੀ ਦਾ ਸਰਾਪ ਹੋਵੇ

ਪੁਰਾਣੇ ਜ਼ਖ਼ਮ ਗਾ ਰਹੇ ਨੇ
ਅੱਜ ਫਿਰ ਦਰਦ ਦੇ ਗੀਤ
ਕਿਤਿਉਂ ਦੂਰੋਂ ਆਈ ਹੈ
ਕੁਝ ਚਿਟਕਣ ਦੀ ਆਵਾਜ਼
ਧਿਆਨ ਨਾਲ਼ ਵੇਖਦਾਂ ਕਿ ਕੁਝ ਨਹੀਂ ਟੁੱਟਾ
ਸਗੋਂ ਜੁੜੀ ਹੈ ਟੁੱਟੀ ਹੋਈ ਆਸ ਦੀ ਤੰਦ

ਰੌਸ਼ਨੀ ਦੀ ਪਹਿਲੀ ਝਲਕ ਵਾਂਗ
ਸੁਪਨਸਾਜ਼ ਜਾਗ ਪਿਆ ਹੈ ਮੇਰੇ ਅੰਦਰ
ਮਨ ਝੁੰਜਲਾਇਆ ਨਹੀਂ
ਇਸਨੇ ਸੁਣੀ ਹੈ ਨਵੀਂ ਸਵੇਰ ਦੀ ਪੁਕਾਰ

ਘੋਰ ਹਨੇਰਾ ਦੂਰ ਹੋਣ ਦੀ
ਜਗੀ ਹੈ ਫਿਰ ਸੰਭਾਵਨਾ
ਹੱਥ ਨਾਲ਼ ਹੱਥ ਮਿਲਣ ਦੇ
ਚਹਿਕੇ ਨੇ ਆਸਾਰ
ਹਨੇਰਾ ਦੌੜੇਗਾ ਖ਼ੌਫ਼ਜ਼ਦਾ ਹੋ ਕੇ
ਖੁੱਲ੍ਹੇਗਾ ਨਵਾਂ ਰਸਤਾ
ਦ੍ਰਿਸ਼ਮਾਨ ਹੋਵੇਗੀ ਨਵੀਂ ਮੰਜ਼ਿਲ

ਉਹ ਜੋ ਟਿਮਟਿਮਾਉਂਦਾ ਟਟਹਿਣਾ ਹੈ
ਰਾਹਨੁਮਾ ਜਿਹਾ ਹੈ
ਪਹਿਚਾਣੀਏ ਉਸਦੀ ਨਿੰਮ੍ਹੀ-ਨਿੰਮ੍ਹੀ ਲੋਅ
ਉਸਦੀ ਲੋਅ ਦੇ ਸਹਾਰੇ
ਮੱਲ ਲਈਏ ਸੁਹਾਣੇ ਰਾਹ
ਬਣ ਜਾਈਏ ਇਕ-ਦੂਜੇ ਦੇ ਹਮਸਫ਼ਰ
ਕਿ ਹਰ ਮੁਕਾਮ 'ਤੇ ਖਿੜ ਪੈਣ
ਜਸ਼ਨਾਂ ਦੇ ਫੁੱਲ

❊❊❊

## ਖ਼ਾਮੋਸ਼ ਕੈਨਵਸ

ਉਹ ਤੁਰ ਗਿਆ ਚੁੱਪ-ਚੁਪੀਤਾ
ਕਈ ਦਿਨਾਂ ਤਕ
ਖ਼ਬਰ ਵੀ ਨਾ ਹੋਈ ਕਿਧਰੇ

ਜਿਸਨੂੰ ਰਿਸ਼ਤੇ ਦੇ ਚੁੱਕੇ ਸਨ ਤਿਲਾਂਜਲੀ
ਜਾਂ ਖੁਦ ਹੀ ਹੋ ਗਿਆ ਸੀ
ਉਨ੍ਹਾਂ ਤੋਂ ਕਦੋਂ ਦਾ ਮੁਕਤ

ਉਸਦੀ ਆਪਣੀ ਧਰਤੀ ਦੇ
ਕਲਮ ਤੇ ਬੁਰਸ਼ ਚਲਾਉਣ ਵਾਲ਼ੇ ਕਬੀਲੇ ਦੇ ਲੋਕ
ਉਸਨੂੰ ਯਾਦ ਤਾਂ ਕਰਦੇ
ਪਰ ਉਹ ਹੁਣ ਸਭ ਨੂੰ ਮਿਲ਼ਦਾ ਨਹੀਂ ਸੀ
ਉਹ ਉਸੇ ਵਾਂਗ ਹੀ
ਉਹਦੇ ਨਾਲ਼ ਰੁੱਸ ਜਾਇਆ ਕਰਦੇ ਅਕਸਰ

ਜੰਮਿਆ ਬੇਗਾਨੀ ਧਰਤੀ ’ਤੇ
ਕੁਝ ਵਰ੍ਹੇ ਹੰਢਾਈ ਵਤਨ ਦੀ ਮਿੱਟੀ
ਤੇ ਫਿਰ ਦੂਰ ਕਿਸੇ ਦੇਸ਼
ਜਾ ਬਣਾਇਆ ਆਪਣਾ ਘਰ ਤੇ ਸਟੂਡੀਓ

ਇਕੱਲਤਾ ਨੂੰ ਜਿਊਂਦਾ ਰਿਹਾ ਉੱਥੇ
ਕੈਨਵਸ ’ਤੇ ਬਿਖੇਰਦਾ ਰਿਹਾ ਅਦਭੁਤ ਰੰਗ
ਸਿਰਜਦਾ ਰਿਹਾ ਨਿਆਰੇ ਸੰਸਾਰ
ਦੁਨੀਆ ਭਰ ’ਚ ਵਿਚਰਦਿਆਂ ਵੀ
ਕਵਿਤਾ ਲਿਖਦਾ ਰਿਹਾ ਹਮੇਸ਼ਾ ਮਾਂ-ਬੋਲੀ ਵਿਚ

ਉਹ ਖੁਦ ਨਾਲ਼ ਜੁੜਦਾ-ਟੁੱਟਦਾ ਹੋਇਆ
ਨਿਵੇਕਲੀ ਕਲਾ ਰਾਹੀਂ
ਜੋੜਦਾ ਰਿਹਾ ਆਪਣੀ ਮਿੱਟੀ ਦਾ
ਕਾਇਨਾਤ ਨਾਲ਼ ਨਾਤਾ

ਪਿੱਛੇ ਸੋਚਦੀ ਹੈ
ਈਜ਼ਲ 'ਤੇ ਪਈ ਖ਼ਾਮੋਸ਼ ਕੈਨਵਸ—
ਉਸ ਰੂਹਾਨੀ ਮਨੁੱਖ ਦਾ
ਇੰਜ ਖ਼ਾਮੋਸ਼ ਹੋ ਜਾਣਾ ਵੀ ਕੀ ਹੈ
ਕਿ ਮਰਨ ਦਾ ਪਤਾ ਲੱਗਣ 'ਤੇ
ਚਾਹੁਣ ਵਾਲ਼ਿਆਂ ਵੱਲੋਂ
ਕਰਨਾ ਪਿਆ ਰਸਮੀ ਜਿਹਾ ਅਫ਼ਸੋਸ

ਤੇ ਉਹਦਾ ਕਈ ਰਾਤਾਂ ਪਹਿਲਾਂ
ਅਛੋਪਲੇ ਜਿਹੇ ਛੱਡ ਕੇ ਸਰੀਰ
ਅਨੰਤ ਵਿਚ ਵਿਲੀਨ ਹੋਣਾ
ਦੱਸਦਾ ਹੈ ਉਸ ਅੰਤ ਵਾਲ਼ੇ ਦਾ
ਅਨੰਤ ਨਾਲ਼ ਗੂੜ੍ਹਾ ਨਾਤਾ

❊❊❊

## ਭਟਕਣ ਤੋਂ ਵਾਪਸੀ

ਉਦੋਂ ਤੋਂ
ਜਦ ਕੋਈ ਹੋਂਦ ਨਹੀਂ ਸੀ
ਨਾ ਕਾਲ ਨਾ ਸਥਾਨ
ਬ੍ਰਹਿਮੰਡ ਅੰਦਰ
ਸੀ ਅਣਜਾਣਿਆ ਰਾਜ਼ ਕੋਈ
ਜਿਸ ਤੋਂ ਸ੍ਰਿਸ਼ਟੀ ਦਾ ਵਰਤਾਰਾ ਹੋਇਆ ਰਵਾਂ

ਉਦੋਂ ਤੋਂ
ਜਦ ਕੁਦਰਤ ਹੋਂਦ ਵਿਚ ਆਈ
ਧਰਤੀ ਦੀ ਕੁੱਖ ਵਿਚੋਂ
ਅਸੰਖਾਂ ਰੂਪ ਬਿਨਸੇ ਤੇ ਖਿੜੇ
ਜੀਵਨ ਨੇ ਜਦ ਪਾਇਆ ਵਿਕਾਸ
ਮੌਸਮਾਂ ਨੇ ਰਾਗ ਅਲਾਪਿਆ

ਉਦੋਂ ਤੋਂ

ਜਦ ਬਲ਼ਿਆ ਅਕਲ ਦਾ ਦੀਵਾ
ਕੁਦਰਤ ਦੇ ਨਿਯਮਾਂ ਤੋਂ ਨਿਰਲੇਪ
ਖ਼ੁਦ ਬਣ ਬੈਠਾ ਉਹ ਸ੍ਰਿਸ਼ਟੀ ਦਾ ਖ਼ੁਦਾ
ਕੁਦਰਤ ਸਵਾਰਥ ਦੇ ਦਾਅ 'ਤੇ ਲਾਈ
ਮਸ਼ੀਨ ਨੂੰ ਮਿੱਤਰ ਬਣਾਇਆ
ਪਰ ਅੰਤ ਉਸੇ ਦਾ ਗ਼ੁਲਾਮ ਕਹਾਇਆ

ਮਨੁੱਖ ਭਟਕਿਆ-ਹਾਰਿਆ
ਨਾ ਰਾਹ ਕੁਦਰਤ ਦਾ ਰਿਹਾ
ਨਾ ਰਿਹਾ ਖ਼ੁਦਾ ਦਾ

ਤੇ ਅੱਜ—
ਹੱਥ ਮਲਦਾ ਹੋਇਆ ਉਹੀ ਮਨੁੱਖ
ਹਾਰ ਕੇ ਖੋਜ ਰਿਹਾ ਹੈ
ਆਪਣੀਆਂ ਜੜ੍ਹਾਂ ਦੇ ਨਿਸ਼ਾਨ
ਜਿਸ ਕੁਦਰਤ ਤੋਂ ਮੂੰਹ ਮੋੜਿਆ ਸੀ ਕਦੇ
ਉਸੇ ਦੀ ਗੋਦ ਲਈ ਹੈ ਪਰੇਸ਼ਾਨ

❋❋❋

## ਰੋਜ਼ ਸਵੇਰੇ

ਰੋਜ਼ ਸਵੇਰੇ
ਬੱਝਵੇਂ ਨਿਯਮ ਵਾਂਗ ਸੈਰ ’ਤੇ ਨਿਕਲਣਾ
ਸੋਚਾਂ ਦੇ ਜਾਲ ਵਿਚ ਉਲਝੇ
ਤੁਰਦੇ ਜਾਣਾ ਨੱਕ ਦੀ ਸੇਧੇ
ਤੇ ਮਿਥੇ ਹੋਏ ਵੇਲ਼ੇ ਦੀ ਸੂਈ ਫੜ ਕੇ
ਚੁੱਪ-ਚਾਪ ਘਰ ਮੁੜ ਆਉਣਾ

ਵਾਰ-ਵਾਰ ਘੜੀ ਵੇਖਣਾ
ਦਿਲ ਦੀਆਂ ਧੜਕਣਾਂ ਗਿਣਨਾ
ਸਾਹਾਂ ਦੀ ਰਫ਼ਤਾਰ ਤੋਲਣਾ
ਖ਼ੂਨ ਦੇ ਦਬਾਅ
ਤੇ ਸਰੀਰ ਅੰਦਰ ਬਚੀ ਹਵਾ ਦਾ
ਹਿਸਾਬ ਜੋੜਦੇ ਰਹਿਣਾ

ਰਾਹਾਂ ਵਿਚ
ਕੁਝ ਰੁੱਖ ਵੀ ਖੜ੍ਹੇ ਹੁੰਦੇ
ਕੋਈ ਪੰਛੀ ਰਾਗ ਵੀ ਛੇੜਦਾ
ਹਵਾ ਪੱਤਿਆਂ ਦੇ ਕੰਨਾਂ ਵਿਚ
ਕਰਦੀ ਹੌਲ਼ੇ ਜਿਹੇ ਕੋਈ ਗੱਲ

ਪਰ ਅਸੀਂ ਕਦੇ ਪਲ ਭਰ ਰੁਕ ਕੇ
ਨਹੀਂ ਪੁੱਛਦੇ ਇਨ੍ਹਾਂ ਦਾ ਹਾਲ
ਜ਼ਿਹਨ 'ਤੇ ਭਾਰ ਪਾਇਆਂ ਹੀ
ਆਉਂਦੇ ਨੇ ਉਹਨਾਂ ਦੇ ਨਾਮ ਯਾਦ

ਬੇਮਾਅਨੇ ਕਰ ਦਿੱਤੇ ਨੇ ਅਸਾਂ
ਛਾਵਾਂ ਦੇ ਮੁਜੱਸਮੇ ਰੁੱਖ
ਹਵਾ, ਪਾਣੀ, ਅੱਗ, ਅੰਨ ਦੇ ਰਖਵਾਲੇ
ਸਾਡਿਆਂ ਸਾਹਾਂ ਦੇ ਜ਼ਾਮਨ
ਹੌਲ਼ੇ-ਹੌਲ਼ੇ ਮਿਟਦੇ ਜਾ ਰਹੇ ਨੇ
ਸਾਡੀ ਚੇਤਨਾ ਦੇ ਨਕਸ਼ੇ 'ਚੋਂ

ਤੇ ਅਸੀਂ
ਲੱਭ ਰਹੇ ਹਾਂ ਅਰਥ ਮੰਡੀ 'ਚੋਂ
ਜੋ ਨਾ ਧੁੱਪ ਦੀ ਤਪਸ਼ ਜਾਣਦੀ
ਨਾ ਛਾਂ ਦੀ ਠੰਢਕ,
ਨਾ ਪੰਛੀਆਂ ਦੀ ਚਹਿਕ ਮੋਹੇ ਉਹਨੂੰ
ਨਾ ਸਿਰਜ ਸਕੇ ਸਾਂਝੇ ਸਾਹਾਂ ਦੇ ਤਾਲ
ਨਾ ਜਿਹਦੇ ਕੋਲ਼ ਜ਼ਿੰਦਗੀ ਹੈ ਆਪਣੀ
ਨਾ ਸਾਡੀ ਜ਼ਿੰਦਗੀ ਦਾ ਹਕੀਕੀ ਫ਼ਿਕਰ

ਫਿਰ ਵੀ ਨਿਕਲ਼ਦੇ ਹਾਂ ਅਸੀਂ
ਸੈਰ ਨੂੰ ਰੋਜ਼ ਸਵੇਰੇ

❃❃❃

## ਮੌਤ

ਬਹੁਤ ਸੁਘੜ ਹੁੰਦੀ ਹੈ ਮੌਤ
ਆਉਂਦੀ ਹੈ ਚੁੱਪ-ਚੁਪੀਤੇ
ਕੀ ਮਜ਼ਾਲ ਕਿ ਸੁਨੇਹਾ ਤਕ ਵੀ ਘੱਲੇ
ਜਾਂ ਭਿਣਕ ਤਕ ਪੈਣ ਦੇਵੇ

ਪਹਿਲਾਂ...
ਸਾਹਾਂ ਨੂੰ ਧਮਕਾਉਂਦੀ
ਨਬਜ਼ ਨੂੰ ਹੌਲੀ-ਹੌਲੀ ਥਿੜਕਾਉਂਦੀ
ਤੇ ਆਖ਼ਰ
ਦੇਹ ਨੂੰ ਸਦਾ ਲਈ ਸ਼ਾਂਤ ਹੋਣ ਦਾ
ਦੇ ਜਾਂਦੀ ਹੈ ਹਲਕਾ ਜਿਹਾ ਥਾਪੜਾ

ਚੰਗੇ-ਭਲੇ ਜੀਵਨ ਨੂੰ
ਪਲ ਭਰ ਵਿਚ ਹੀ
ਕਰ ਦਿੰਦੀ ਹੈ—'ਹੈ' ਤੋਂ 'ਸੀ'

ਆਉਣ ਲੱਗਿਆਂ ਨਹੀਂ ਕਰਦੀ
ਕੋਈ ਵੀ ਭੇਦ-ਭਾਵ
ਜਾਣ ਲੱਗਿਆਂ ਚੁੱਪ-ਚਾਪ ਲੈ ਜਾਂਦੀ ਹੈ
ਸਾਰਿਆਂ ਨੂੰ ਇਕੋ ਰਾਹ

❊❊❊

## ਜ਼ਿੰਦਗੀ ਹੋਰ ਕੀ ਹੈ

ਸਵੇਰ—
ਮੂੰਹ-ਮੁਨ੍ਹੇਰੇ ਤਾਰਿਆਂ ਦੀ ਲੋਅ ਵਿਚ
ਜੰਗ਼ਲ-ਪਾਣੀ ਹੋ ਵਾਪਸ ਆ ਨਹਾ-ਧੋ ਕੇ
ਬੈਠਕ ਦੇ ਠੰਢੇ ਖੂੰਜੇ ਵਿਚ
ਮੂਰਤੀ ਅੱਗੇ ਅੱਖਾਂ ਮੀਚ ਬੈਠ ਮੰਤਰ ਪੜ੍ਹਨੇ
ਰੋਜ਼ ਦੇ ਜੀਵਨ ਲਈ ਅਸੀਸਾਂ ਮੰਗਣੀਆਂ
ਸਰਦਲ ’ਤੇ ਹੱਥ ਲਾ ਕੇ ਮੱਥਾ ਟੇਕਣਾ
ਜਿਵੇਂ ਘਰ ਦੀ ਹੋਂਦ ਨੂੰ ਸਲਾਮ ਕਰਨਾ
ਹਰ ਸ਼ੁਭ ਕੰਮ ਤੋਂ ਪਹਿਲਾਂ
ਭਰ ਲੈਣੀ ਮਨ ’ਚ ਡੂੰਘੀ ਸ਼ਾਂਤੀ

ਦਿਨ—
ਸ਼ਹਿਰ ਦੀ ਹਲਚਲ ਵਿਚ ਦੁਕਾਨ ਖੋਲ੍ਹਣੀ
ਨਵੇਂ ਦਿਨ ਦੀ ਸਫ਼ਾਈ ਕਰਨੀ
ਘੱਟਾ-ਮਿੱਟੀ ਝਾੜਨਾ
ਪਾਣੀ ਤਰੌਂਕ ਕੇ ਸੁੱਕੀ ਸ਼ੁਰੂਆਤ ਨੂੰ
ਤਰੋ-ਤਾਜ਼ਾ ਕਰਨਾ
ਸੁਲਗਦੀ ਧੂਪ ਦੀ ਖੁਸ਼ਬੂ ਹਵਾ ਵਿਚ ਘੁ਼ਲ ਜਾਏ
ਧੰਦਿਆਂ ਦੀ ਗੱਦੀ ਸੰਭਾ਼ਲ ਸਿਰ ਸੁੱਟ ਕੇ
ਦੁਪਹਿਰ ਤਕ ਗਾਹਕਾਂ ਦੀਆਂ ਗੱਲਾਂ
ਤੇ ਸੌਦਿਆਂ ਵਿਚ ਰੁੱਝੇ ਰਹਿਣਾ

ਭੁੱਖ ਲੱਗੇ ਪਰ ਕੰਮ ਮੁੱਕੇ ਨਾ
ਰੋਟੀ ਖਾ ਅੱਧਾ ਚਪਾ ਬਚਾ ਕੇ
ਜਾਨਵਰ-ਪੰਖੇਰੂ ਨੂੰ ਪਾਉਣ ਦਾ ਫ਼ਰਜ਼ ਨਿਭਾਉਣਾ
ਜਿਵੇਂ ਰੋਜ਼ੀ-ਰੋਟੀ ਦਾ ਫ਼ਰਜ਼ ਹੈ
ਉਸੇ ਤਰ੍ਹਾਂ ਜੀਵਨ ਦੇ ਹੋਰ ਪ੍ਰਾਣੀਆਂ ਦਾ ਵੀ

ਸ਼ਾਮ—
ਗੱਦੀ 'ਤੇ ਲੇਟ ਕੇ ਲੱਕ ਸਿੱਧਾ ਕਰਨਾ
ਦਿਨ ਭਰ ਦੀ ਥਕਾਨ ਨੂੰ ਪਲਾਂ ਵਿਚ ਉਤਾਰਨਾ
ਫ਼ਿਰ ਨਵੇਂ ਕੰਮਾਂ ਵਿਚ ਰੁੱਝ ਜਾਣਾ
ਨੇਰ੍ਹੇ ਦੇ ਉਤਰਨ 'ਤੇ ਰੌਸ਼ਨੀ ਦੀ ਲੋਅ ਵਿਚ
ਦੁਕਾਨ ਵਧਾਉਣੀ
ਦਿਨ ਭਰ ਦਾ ਹਿਸਾਬ ਕਰਨਾ
ਕਿਸੇ-ਕਿਸੇ ਦਿਨ
ਦਿਨ ਭਰ ਦੀ ਥਕਾਵਟ ਉਤਾਰਨ ਲਈ
ਕੰਮ ਨਿਪਟਾਉਣ ਦੀ ਖੁਸ਼ੀ 'ਚ ਪੈੱਗ ਬਣਾਉਣਾ
ਹੈਂਡਲ 'ਤੇ ਫ਼ਲ-ਫ਼ਰੂਟ ਟੰਗ ਕੇ
ਸਾਈਕਲ ਦੇ ਪੈਡਲ 'ਤੇ ਪੈਰ ਟਿਕਾ ਕੇ
ਹੌਲੀ-ਹੌਲੀ, ਬਿਨਾਂ ਕਾਹਲ਼ੀ ਘਰ ਨੂੰ ਹੋ ਤੁਰਨਾ

ਇਕ ਹੋਰ ਦਿਨ ਦੀ ਕਹਾਣੀ
ਅਛੋਪਲੇ ਜਿਹੇ ਪਿੱਛੇ ਛੱਡ ਕੇ
ਅਗਲੀ ਸਵੇਰ ਦੇ ਸੁਪਨੇ ਵਲ ਤੁਰ ਪੈਣਾ

ਜ਼ਿੰਦਗੀ ਹੋਰ ਕੀ ਹੈ!

❊❊❊

## ਮਨੁੱਖ ਦੀ ਔਕਾਤ

ਆਸਮਾਨ ਕਾਲੇ ਬੱਦਲ਼ਾਂ ਨਾਲ਼ ਘਿਰਿਆ
ਪਹਾੜਾਂ ਦੀ ਹਿੱਕ 'ਤੇ ਬੱਦਲ਼ ਫਟਿਆ
ਅੰਬਰ ਦੇ ਨੈਣਾਂ 'ਚੋਂ ਹੰਝੂ ਵਹੇ
ਦਰਿਆਵਾਂ ਦੇ ਵੇਗ
ਟੱਪ ਗਏ ਸਭ ਹੱਦਾਂ-ਬੰਨੇ
ਪਾਣੀ ਦੈਂਤ ਬਣ ਕੇ ਆਇਆ

ਹਰ ਧੜਕਣ 'ਚ ਭੈਅ ਸੀ
ਚਾਰੇ ਤਰਫ਼ ਸੀ ਮੌਤ ਦਾ ਸਾਇਆ
ਘਰ, ਪਿੰਡ ਹਰ ਚੀਜ਼ ਪਾਣੀ 'ਚ ਡੁੱਬੀ
ਸਭ ਕੁਝ ਹੋਇਆ ਤਬਾਹ
ਹੱਸਦੇ-ਖੇਡਦੇ ਸੁਪਨੇ ਵਹਿ ਗਏ ਸਾਰੇ
ਪਾਣੀ ਰਹਿਮਤ ਤੋਂ ਜ਼ਹਿਮਤ ਬਣਿਆ

ਮੌਤ ਨੇ ਐਸਾ ਜਾਲ ਵਿਛਾਇਆ
ਰੁਕ ਗਈ ਸਹਿਮੀ ਹੋਈ ਜ਼ਿੰਦਗੀ
ਕਿਸੇ ਮਦਦ ਦੀ ਗੁਹਾਰ ਮਿਲਣ ਤਕ
ਕਹਿਰ ਨੇ ਦਿਖਾ ਦਿੱਤੀ
ਮਨੁੱਖ ਨੂੰ ਉਸਦੀ ਔਕਾਤ

❋❋❋

## ਅਨੁਭਵਾਂ ਦੇ ਫੁੱਲਾਂ ਦੀ ਖ਼ੁਸ਼ਬੂ

ਕਿੰਨਾ ਕੁਝ ਛੁਪਾਉਣਾ ਹੈ
ਤੇਜ਼ੀ ਨਾਲ਼ ਬਦਲਦੇ ਸੰਸਾਰ ਦੀਆਂ
ਇਕ ਪਾਸੜ ਰੌਸ਼ਨੀਆਂ ਨੇ?

ਉਲਝਿਆ ਹੋਇਆ ਮਨ
ਥੱਕ ਗਿਆ ਹੈ
ਯਾਦਾਂ ਦੇ ਬਦਰੰਗ ਹੋਏ ਚਿੱਤਰਾਂ ਨੂੰ
'ਸੋਹਣਾ' ਬਣਾਉਂਦਿਆਂ-ਬਣਾਉਂਦਿਆਂ

ਦਰਦ ਦੀ ਦਵਾ ਲਈ
ਸਿਦਕ ਦਾ ਭੁਗਤਾਨ ਵੀ
ਹੋਇਆ ਨਾ ਕਾਰਗਰ

ਮਨ ਤਲਾਸ਼ ਰਿਹਾ ਹੈ
ਸੱਚ ਵਿਚਲੇ ਝੂਠ ਦਾ ਤੱਤ
ਦਰਦ ਲਈ ਲੱਭ ਰਿਹਾ ਹੈ ਸਕੂਨ
ਬਾਜ਼ਾਰ ਵਿਚ ਭਟਕਦਾ
ਖ਼ਰੀਦ ਰਿਹਾ ਹੈ ਹਰ ਨਵੀਂ ਚੀਜ਼

ਮਨ ਨੇ ਨਹੀਂ ਸੀ ਸੋਚਿਆ
ਕਿ ਉਹ ਹੀ ਨਹੀਂ
ਸਰੀਰ ਵੀ ਹੋ ਜਾਵੇਗਾ ਉਦਾਸ
ਸਰੀਰ ਦਾ ਡਰ ਮਨ ਦਾ ਡਰ ਹੋ ਗਿਆ

ਅਚਾਨਕ ਮਨ ਖੋਲ੍ਹਦਾ ਵਕਤ ਦਾ ਦਰਵਾਜ਼ਾ
ਕਰਦਾ ਉੱਜਲੇ ਇਤਿਹਾਸ ਨਾਲ਼ ਬਾਤ
ਤੁਰਦਾ ਵਰਤਾਰਿਆਂ ਦੇ ਅਮੀਰ ਜੰਗਲ਼ ਦੇ ਰਾਹ
ਮਨੁੱਖਤਾ ਨਾਲ਼ ਵੰਡਾਉਣ ਲਈ
ਅਨੁਭਵਾਂ ਦੇ ਫੁੱਲਾਂ ਦੀ ਖ਼ੁਸ਼ਬੂ

❊❊❊

## ਸਦੀਵੀ ਯਾਤਰਾ

ਪਛਾਣੇ ਰਾਹ ਤਿਆਗ ਕੇ
ਅਣਜਾਣੇ ਵਲ ਮੁੜਨਾ

ਟੁੱਟਣ ਦੀ ਤਲਖ਼ੀ ਵਰਤਣੀ
ਸਭ ਕੁਝ ਵਾਪਰਨਾ
ਪਰ ਹਾਲਾਤ ਅੱਗੇ
ਪਰ ਹਾਰ ਨਾ ਮੰਨਣਾ

ਪੁਰਾਣਾ ਤਿਆਗ ਕੇ
ਜਦ ਨਵਾਂ ਸਿਰਜਣ-ਸਮਾਂ ਆਵੇ
ਨਾ ਹਾਰ ਦੀ ਪੀੜ ਹੋਵੇ
ਨਾ ਜਿੱਤ ਦਾ ਚਾਅ
ਤੇ ਨਾ ਹੀ ਕੋਈ ਅਧੂਰੀ ਤਸੱਲੀ

ਬੱਸ ਨਿਰੰਤਰ ਸਿਰਜਣਾ
ਪੁਰਾਣੇ ਦੀ ਥਾਂ
ਇਕ ਹੋਰ ਨਵਾਂ

ਤੇ ਇੰਜ ਹੀ
ਅਨੰਤਤਾ ਵਲ ਰਹਿੰਦੀ ਹੈ
ਇਹ ਸਦੀਵੀ  ਯਾਤਰਾ

❁❁❁

## ਮੁਕਤੀ ਦੀ ਸੰਭਾਵਨਾ

ਕਿਸੇ ਅਣਜਾਣ ਰਚਨਾ ਦੀ ਤਲਾਸ਼ ਵਿਚ
ਡੁੱਬੀ ਹੋਈ ਨੈੱਟ ਦੀ ਭੀੜ
ਜਿਸ ਵਿਚ ਮਨ ਦੀ ਖ਼ਾਮੋਸ਼ੀ
ਮਿਟਾ ਜਾਂਦੀ ਹੈ ਆਪਣੇ ਹੀ ਨਿਸ਼ਾਨ

ਕੀ ਸੀ ਤੁਰਨਾ
ਕੀ ਸੀ ਲੱਭਣਾ
ਕਿਹੜਾ ਸੀ ਸਿਖਰ

ਇਹ ਤਿੰਨ ਸਵਾਲ ਹੀ
ਵਰਤਮਾਨ ਦੇ ਮੱਥੇ ਉੱਤੇ
ਖੁਣ ਗਏ ਨੇ ਬਣ ਕੇ ਧੁੰਦਲੇ ਸਵਾਲ

ਮਨ ਨੂੰ ਖਿੱਚਦੀ ਰਹੀ
ਕਿਸੇ ਅਣਸੁਣੀ ਰਚਨਾ ਦੀ ਰੌਸ਼ਨੀ
ਪਰ ਹਰ ਸ਼ਬਦ ਦੇ ਤਾਪ ਨਾਲ਼
ਅੱਖਾਂ ਦਾ ਚੁੰਧਿਆਉਣਾ ਲਾਜ਼ਮੀ ਸੀ—
ਜਿਵੇਂ ਕਈ ਵਾਰ ਅਰਥ
ਰੌਸ਼ਨੀ ਨਹੀਂ
ਬਣ ਜਾਂਦੇ ਨੇ ਸਾਏ

ਤੇ ਫਿਰ ਸੋਚ ਖੰਭ ਲਾ ਕੇ ਉੱਡਦੀ ਰਹੀ
ਕਿਸੇ ਅਨੰਤ ਖ਼ਲਾਅ ਵਲ
ਜਿੱਥੇ ਦਿਸ਼ਾ ਵੀ ਮੌਨ
ਤੇ ਦੂਰੀ ਵੀ ਬੇਅੰਤ

ਅਖ਼ੀਰ ਵਿਚ
ਜਦ ਸਮੇਂ ਦੀ ਉਡਾਣ
ਚੁੱਪਕੇ ਜਿਹੇ ਟੱਪ ਗਈ ਸੂਝ ਦੀ ਕੰਧ
ਝੋਲ਼ੀ 'ਚ ਬਸ ਖ਼ਾਲੀਪਣ ਸੀ
ਖ਼ਾਲੀਪਣ ਦਾ ਹੌਲ਼ਾ ਪਛਤਾਵਾ
ਅਤੀਤ ਦੇ ਪਰਛਾਵੇਂ
ਭਵਿੱਖ ਦੇ ਖ਼ਾਮੋਸ਼ ਰਾਹ
ਤੇ ਵਰਤਮਾਨ ਦੀ ਪੀਚੀ ਗੁੰਝਲ

ਇਹ ਤਿੰਨੋਂ ਕਿਸਮਤ ਦੇ ਲੰਮੇ ਸਫ਼ਰ ਦੇ
ਅਣਦਿਸਦੇ ਤਿੰਨ ਸਾਥੀ ਨੇ

ਅਸੀਂ ਫਿਰ ਤੁਰ ਪਏ ਹਾਂ
ਇਕ ਅਜਿਹੇ ਸਫ਼ਰ ਵਲ
ਜਿਸ ਦੀ ਨਾ ਕੋਈ ਸੇਧ ਹੈ
ਨਾ ਭੂਗੋਲ, ਨਾ ਮਿਥੀ ਹੋਈ ਮੰਜ਼ਿਲ
ਬਸ, ਤਲਾਸ਼ ਹੀ ਹੈ ਨਕਸ਼ਾ
ਮਨ ਹੀ ਰਾਹ ਦੱਸਣ ਵਾਲ਼ਾ

ਤੇ ਇਹ ਅਣਜਾਣ ਰਾਹ ਹੀ
ਬਣਨ ਵਾਲ਼ਾ ਹੈ
ਸਾਡੀ ਮੁਕਤੀ ਦੀ ਇਕਲੌਤੀ ਸੰਭਾਵਨਾ

❋❋❋

## ਸ਼ਾਇਦ ਇੰਜ ਹੋ ਜਾਵੇ

ਵੰਡ ਦਾ ਦਰਦ ਤੇ ਵਪਾਰ
ਵਡੇਰਿਆਂ ਦੀ ਸਾਂਝੀ ਸੱਥ
ਰਹਿ ਗਈ ਤਾਰਾਂ ਤੋਂ ਪਾਰ
ਜਿੱਥੇ ਅਕਸਰ ਹੁੰਦੀ ਰਹਿੰਦੀ ਹੈ ਗੋਲੀਬਾਰੀ
ਵਪਾਰੀ ਲੈ ਗਏ ਲੁੱਟ ਕੇ ਸਭ ਕੁਝ
ਵੰਡ ਗਏ ਸਾਂਝੀ ਧਰਤ
ਬਣਾ ਗਏ ਪਿੱਛੇ ਸਾਡੇ ਜਾਅਲੀ ਮਾਲਕ

ਖ਼ੁਦ ਦੀ ਹੈਂਕੜ ਤੇ
ਕੁਝ ਆਪਣਿਆਂ ਦੀ ਮਰਜ਼ੀ ਹੋਣ ਕਾਰਨ
ਇਕ ਰੰਗ 'ਚ ਰੰਗਣ ਦੀ ਇੱਛਾ
ਉਸਾਰ ਗਈ ਅਣਚਾਹੀ ਅਣਕਿਆਸੀ ਵੰਡ

ਖ਼ੂਨ ਨਾਲ਼ ਕਰ ਦਿੱਤਾ
ਆਜ਼ਾਦੀ ਦੀ ਲੋਅ ਨੂੰ ਧੁੰਦਲਾ
ਨਫ਼ਰਤ ਦੀ ਉਸਾਰ ਦਿੱਤੀ ਕੰਧ
ਖਿੜਕੀਆਂ-ਬੂਹੇ ਕਰ ਦਿੱਤੇ ਬੰਦ
ਝਾਕਣ ਜੋਗੀ ਵੀ ਨਾ ਛੱਡੀ ਕੋਈ ਝੀਤ
ਕੰਨ ਤਰਸ ਗਏ ਸੁਣਨ ਨੂੰ
ਇਕ ਦੂਜੇ ਦੇ ਬੋਲ

ਪਲ਼ਦੇ ਰਹੇ ਯਾਦਾਂ ਵਿਚ
ਦੁਸ਼ਮਣੀ ਦੇ ਬੀਜ
ਸੱਤ ਦਹਾਕਿਆਂ ਤੋਂ ਵੀ ਬਾਅਦ
ਖ਼ਵਰੇ ਕਦੋਂ ਲਹਿਰਾਏਗੀ ਸਾਂਝ ਦੀ ਫ਼ਸਲ

ਸਰਹੱਦ ’ਤੇ ਖ਼ਾਕੀ ਵਰਦੀਆਂ ਵਾਲ਼ੇ ਹਮਸਾਏ
ਹੁੰਦੇ ਨੇ ਜਦ ਆਮੋ-ਸਾਹਮਣੇ
ਇਕ ਦੂਜੇ ਵਲ ਦੇਖ
ਨਕਲੀ ਜਿਹਾ ਮੁਸਕਰਾ ਲੈਂਦੇ ਨੇ
ਦੀਵਾਲੀ-ਈਦ ਵੇਲ਼ੇ ਸਾਂਝੇ ਕਰ ਲੈਂਦੇ ਨੇ ਤੋਹਫ਼ੇ
ਪੁੱਛ ਲੈਂਦੇ ਰਸਮੀ ਹਾਲ-ਚਾਲ
ਡਿਊਟੀ ਨਿਭਾਉਂਦੇ ਹੋਏ ਦੋਹੀਂ ਪਾਸੀਂ

ਲੜਾਈ ਮੌਤ ਦੀ ਬਰਸਾਤ
ਅਚਾਨਕ ਰੁਕ ਜਾਣਾ ਬਿਨ ਸਮਝੌਤੇ
ਮਾਹੌਲ ਨੂੰ ਸ਼ਾਂਤੀ ਦੀ ਬੇਫ਼ਿਕਰੀ ਦੇਣਾ
ਇਹ ਹਾਲਤ ਦੇਰ ਤਕ ਨਹੀਂ ਰਹਿੰਦੀ
ਜੰਗ ਦਾ ਭਰਿਆ ਰਹਿੰਦਾ ਹੈ
ਮਨਾਂ ਵਿਚ ਭਾਰ

ਵਡੇਰੇ ਕਿਹਾ ਕਰਦੇ ਸਨ ਅਕਸਰ—
ਮਨ ’ਚੋਂ ਉੱਠਦੀ ਜੰਗ ਬਰਬਾਦ ਕਰਦੀ ਹੈ
ਪਿਆਰ ਦੀ ਸੋਚ ਆਬਾਦ ਕਰਦੀ ਹੈ

ਕਾਇਮ-ਦਾਇਮ ਰਹੇ ਫਿਰ ਵੀ
ਪਿਆਰ ਦਾ ਫ਼ਲਸਫ਼ਾ ਤੇ ਆਸ
ਕਦੇ ਸ਼ਾਇਦ ਇੰਜ ਹੋ ਜਾਵੇ—
ਨਵੀਂ ਪੀੜ੍ਹੀ ਵਿਸ਼ਵਾਸ ਦੇ ਪੁਲ਼ ਬਣਾਵੇ
ਜਨੌਰਾਂ-ਪੰਛੀਆਂ ਵਾਂਗ
ਇਧਰ-ਉਧਰ ਆਉਣ-ਜਾਣ ਦਾ ਸਬੱਬ ਬਣ ਜਾਵੇ

❊❊❊

## ਕਲਮ ਦੀ ਨੋਕ 'ਤੇ

ਘਰ ਦੀ ਨਿੱਘੀ ਰੌਣਕ ਤੋਂ
ਪਲ ਭਰ ਦੇ ਸਕੂਨ ਨੂੰ ਤਰਸਿਆ ਸੀ ਉਹ
ਚਾਹੁੰਦਾ ਸੀ ਸ਼ੋਰ ਦੇ ਦਰਿਆ ਤੋਂ ਪਾਰ
ਖ਼ਾਮੋਸ਼ੀ ਦੇ ਕਿਸੇ ਟਾਪੂ 'ਤੇ
ਜ਼ਿੰਦਗੀ ਦਾ ਕੋਈ ਗੂੜ੍ਹਾ ਸੱਚ ਲੱਭਣਾ

ਪਰ ਉਹ ਭੁੱਲ ਗਿਆ ਸੀ
ਕਿ ਜਿਹੜੇ ਰਿਸ਼ਤੇ ਛੱਡ ਆਇਆ ਸੀ ਉਹ
ਆਪਣੇ ਪਿੱਛੇ 'ਇਕਾਂਤ' ਨਹੀਂ
ਇਕ 'ਖ਼ਾਲੀਪਣ' ਛੱਡ ਗਏ ਸਨ—
ਇਕ ਅਜਿਹੀ ਸਜ਼ਾ
ਜੋ ਉਸਨੇ ਖ਼ੁਦ ਨੂੰ ਦਿੱਤੀ

ਉਸਦਾ ਚੁਣਿਆ ਹੋਇਆ ਇਕੱਲਾਪਣ
ਕੋਰੇ ਕਾਗਜ਼ ਵਾਂਗ ਸਾਫ਼ ਤਾਂ ਸੀ
ਕਫ਼ਨ ਵਾਂਗ ਸੁੰਨਾ ਤੇ ਬੇਜਾਨ ਵੀ
ਸਾਹਮਣੇ ਪੰਨਾ ਪਿਆ ਸੀ—
ਮੌਤ ਵਰਗਾ ਖ਼ਾਮੋਸ਼
ਤੇ ਕਲਮ ਦੀ ਨੋਕ 'ਤੇ ਸਿਆਹੀ ਨਹੀਂ
ਇਕ ਸਵਾਲ ਠਹਿਰਿਆ ਸੀ

ਉਹ ਸੋਚਦਾ ਰਿਹਾ
ਕਿ ਅੱਜ ਮਨ ਇਕਾਗਰ ਹੋਵੇਗਾ,
ਸ਼ਬਦ ਇੰਜ ਫੁੱਟਣਗੇ
ਜਿਵੇਂ ਬੰਜਰ ਮਿੱਟੀ 'ਚੋਂ ਕੋਈ ਕਰੂੰਬਲ

ਪਰ ਅਫ਼ਸੋਸ ਕਿ ਉਹਨੂੰ ਨਹੀਂ ਸੀ ਪਤਾ
ਕਿ ਸ਼ਬਦ ਰੂਹਾਂ ਦੇ ਰੌਲੇ 'ਚ ਜਨਮ ਲੈਂਦੇ ਨੇ
ਸੰਵਾਦਾਂ ਦੀ ਗਰਮੀ 'ਚ ਪਲ਼ਦੇ ਨੇ

ਜੋ ਅਹਿਸਾਸ ਉਕਰਿਆ ਹੀ ਨਹੀਂ
ਮਨ ਦੀਆਂ ਕੰਧਾਂ 'ਤੇ
ਕਾਗਜ਼ ਦੀ ਹਿੱਕ 'ਤੇ ਆਪਣਾ ਸਿਰ ਕੀਕੂੰ ਟਿਕਾਵੇ?

ਕਲਮ ਫਿਸਲਦੀ ਰਹੀ
ਅੱਖਰ ਨਾ ਬਣੇ
ਸਿਰਫ਼ ਧੱਬੇ ਜਿਹੇ ਉੱਭਰੇ,
ਜਿਵੇਂ ਕੋਈ ਅਧੂਰੀ ਸੋਚ
ਰਾਹਾਂ 'ਚ ਹੀ ਤੋੜ ਗਈ ਹੋਵੇ ਦਮ
ਸਿਆਹੀ ਸੁੱਕਦੀ-ਮੁਕਦੀ ਰਹੀ
ਅਰਥਾਂ ਦੀ ਬੂੰਦ ਵੀ ਨਾ ਟਪਕੀ

ਓੜਕ ਜਾਣ ਲਿਆ ਉਸਨੇ
ਕਿ ਘਰ ਕਦੇ ਨਹੀਂ ਹੁੰਦਾ ਸੁੰਨਾ
ਸੁੰਨਾ ਤਾਂ ਮਨ ਹੁੰਦਾ ਹੈ

ਤੇ ਜਦੋਂ-ਜਦੋਂ ਮਨ ਭਰਦਾ ਹੈ ਅਹਿਸਾਸਾਂ ਨਾਲ਼
ਕੰਧਾਂ ਵੀ ਕਰਨ ਲਗਦੀਆਂ ਨੇ ਗੱਲਾਂ
ਕਿਸੇ ਦੂਰ ਦੇ ਹਾਸੇ ਨਾਲ਼
ਕਿਸੇ ਪੁਰਾਣੀ ਆਵਾਜ਼ ਦੀ ਪ੍ਰਤਿਗੂੰਜ ਨਾਲ਼
ਉਸ ਮੇਲੇ ਦੀ ਰੌਣਕ ਨਾਲ਼
ਜਿਸਨੂੰ ਤਿਆਗ ਆਇਆ ਸੀ ਉਹ
ਕਦੇ ਸ਼ੋਰ ਕਹਿ ਕੇ

***

## ਮੇਰਾ ਚਿੰਤਨ ਮੇਰਾ ਅਨੁਭਵ

ਮੇਰਾ ਚਿੰਤਨ
ਦੁਕਾਨਦਾਰ ਤੋਂ ਮਿਲ਼ਿਆ ਝੂੰਗਾ ਨਹੀ
ਸਿਲਾ ਹੈ ਸਾਲਾਂ ਦੀ ਗੰਭੀਰ ਸੋਚ-ਵਿਚਾਰ ਦਾ

ਪਤਾ ਹੈ ਮੈਨੂੰ
ਕਿ ਸੋਚ ਦੀ ਯਾਤਰਾ ਨੂੰ ਸਮਝਣ ਲਈ
ਖੋਲ੍ਹ ਕੇ ਸਾਰੇ ਬੰਦ ਰਾਹ
ਚਿੰਤਨ ਤੇ ਅਨੁਭਵ ਨੂੰ
ਤੁਰਨਾ ਪੈਂਦਾ ਹੈ ਮਿਲ਼ ਕੇ ਸਾਥ-ਸਾਥ

ਹੋਏ ਦੇ ਅਹਿਸਾਸਾਂ ਦੇ ਅਨੁਭਵ
ਢਲ਼ਦੇ ਨੇ ਬੜੀ ਮੁਸ਼ਕਲ ਨਾਲ਼ ਸ਼ਬਦਾਂ ਵਿਚ
ਸ਼ਬਦ-ਯਾਤਰਾ ਕਰਦੇ ਹੋਏ ਅਰਥ
ਪੰਨਿਆਂ ’ਤੇ ਬੁਣਦੇ
ਮੇਰੇ ਹਾਣ ਦੀ ਇਬਾਰਤ

ਮੇਰਾ ਚਿੰਤਨ ਜੇ ਹੁੰਦਾ
ਸਿਰਫ਼ ਵਿਹਲੇ ਵੇਲ਼ੇ ਕੁਝ ਯਾਦ ਕਰਨਾ
ਜਾਂ ਯਾਦ ਹੋਏ ਨੂੰ ਭੁੱਲਣ ਦਾ ਅਭਿਆਸ
ਸੁਫਨਿਆਂ ਨਾਲ਼ ਕਲੋਲਾਂ
ਖੇਡਣਾ ਜਿੱਤਣ-ਹਾਰਨ ਦੀ ਪਰਵਾਹ ਕੀਤੇ ਬਿਨਾਂ

ਤਾਂ ਮੇਰਾ ਚਿੰਤਨ ਕਦੇ ਨਾ ਬਣਦਾ
ਹਨੇਰੇ ’ਚੋਂ ਰੋਸ਼ਨੀ ਕਸ਼ੀਦਣ ਦੀ ਜੁਗਤ
ਮੇਰੇ ਭਵਿੱਖ ਲਈ ਇਤਿਹਾਸ
ਹਯਾਤੀ ’ਚ
ਸੂਹਾ ਰੰਗ ਭਰਨ ਦਾ ਜ਼ਰੀਆ

❋❋❋

## ਬੁੱਤ ’ਤੇ ਲਿਖੀ ਇਬਾਰਤ

ਭੁਰਭੁਰੇ ਬੁੱਤ ਤੇ ਲਿਖੀ ਇਬਾਰਤ ਨੇ
ਕਦ ਸੋਚਿਆ ਸੀ
ਇੰਜ ਦੀ ਵੀ ਪਵੇਗੀ ਉਮਰ ਭੋਗਣੀ
ਖੜ੍ਹੇਗਾ ਉਹਦੇ ਸਾਹਵੇਂ
ਬਿਖਰ ਜਾਣ ਤੋਂ ਬਚਣ ਦਾ
ਬਿਫਰਿਆ ਹੋਇਆ ਫ਼ਿਕਰ
ਤੇ ਬੁੱਤ ਦੇ ਭੁਰਭੁਰਾ ਹੋਣ ਦਾ ਅੰਦੇਸ਼ਾ

ਬੁੱਤ ਨੇ ਵੀ ਕਦ ਚਾਹਿਆ ਹੋਵੇਗਾ
ਵਿਆਖਿਆਮਈ ਇਬਾਰਤ
ਹੋ ਜਾਵੇ ਉਸ ਤੋਂ ਬਿਗਾਨੀ

ਬੁੱਤ ਦੇ ਵੱਸ ਕੁਝ ਨਹੀਂ ਸੀ
ਮਿੱਟੀ ਦੀ ਚੋਣ ਬੁੱਤ-ਘਾੜੇ ਦੀ ਸੀ
ਮਾਧਿਅਮ ਦੀ ਚੋਣ ਮਾਲਕ ਦੀ
ਉਸਨੇ ਤਾਂ ਬੁੱਤ ਘੜਿਆ ਲਾ ਕੇ ਜਿੰਦ-ਜਾਨ
ਲਿਖ ਦਿੱਤੀ ਮਾਲਕ ਦੀ ਦਿੱਤੀ ਇਬਾਰਤ

ਵੱਸ ਤਾਂ ਸਾਡੇ ਅਣਖ ਦੇ ਸੀ
ਕਿ ਪੂਜਾ ਦਾ ਬਣਾ ਲਿਆ ਇਕ ਹੋਰ ਬਹਾਨਾ
ਸੌਂ ਗਏ ਗ਼ਰੂਰ ਦੀ ਨੀਂਦ
ਨਾ ਗੌਲ਼ੇ ਮੌਸਮਾਂ ਦੇ ਥਪੇੜੇ
ਨਾ ਵੇਖੀ ਬੁੱਤ ਦੀ ਦੁਰਦਸ਼ਾ
ਨਾ ਸੁਣੀ ਇਬਾਰਤ ਦੀ ਚੀਖ-ਪੁਕਾਰ

ਕੱਢ ਦਿੱਤਾ ਮਿੱਟੀ ਦਾ ਕਸੂਰ
ਲਾ ਦਿੱਤਾ ਬੁੱਤ-ਘਾੜੇ ’ਤੇ ਇਲਜ਼ਾਮ
ਆਪ ਹੋ ਗਏ ਸਾਫ਼ ਬਰੀ

❋❋❋

## ਸ਼ਬਦਾਂ ਦਾ ਸਫ਼ਰ

ਸ਼ਬਦ ਖ਼ਿਆਲਾਂ ਦੇ ਰਾਹ ਪੈਂਦੇ
ਭਾਵਨਾਵਾਂ ਦੀ ਓਟ ਲੈਂਦੇ
ਵਾਕਾਂ 'ਚ ਜੁੜਦੇ
ਕਵਿਤਾ ਦਾ ਰੂਪ ਧਾਰਦੇ

ਥੱਕਿਆ ਹੋਇਆ ਵਕਤ ਕਈ ਵਾਰ
ਤਤਕਾਲੀਨ ਦੌਰ ਦੀ ਰੰਗਤ ਆਜ਼ਮਾਉਂਦਾ ਹੈ
ਸਵਾਲਾਂ, ਇਸ਼ਾਰਿਆਂ ਦੇ ਵਜੂਦ
ਅਲੰਕਾਰ, ਬਿੰਬ, ਵਿਰੋਧਾਭਾਸ
ਸ਼ਬਦਾਂ ਦੇ ਲਿਬਾਸ ਵਿਚ
ਕਾਗ਼ਜ਼ ਦੇ ਬਿਸਤਰ 'ਤੇ ਲਿਟਾਉਂਦਾ ਹੈ

ਭਵਿੱਖ ਉਨ੍ਹਾਂ ਹੀ ਸ਼ਬਦਾਂ ਦੀ ਸਾਂਭਦਾ ਹੈ ਤਾਸੀਰ
ਵਾਕਾਂ ਦੀ ਤਰਤੀਬ
ਜੋ ਦਿਸਦੇ ਨੇ ਹਾਲੇ ਤੀਕ ਅਪੂਰਨ

ਕਵਿਤਾ ਸਿਰਫ਼ ਸੁਪਨਾ ਨਹੀਂ
ਨਾ ਹੀ ਸ਼ਬਦਾਂ ਦਾ ਜਾਲ-ਜੰਜਾਲ
ਇਹ ਸਵਾਲ ਉਠਾਉਂਦੀ ਹੈ
ਹੋ ਸਕੇ ਤਾਂ ਹੱਲ ਸੁਝਾਉਂਦੀ ਹੈ
ਸੋਚ ਦੇ ਖੜਕਾਉਂਦੀ ਹੈ ਦਰਵਾਜ਼ੇ
ਨਿੱਜੀ ਤੋਂ ਬਣ ਜਾਂਦੀ ਹੈ ਸਮੂਹਿਕ

ਸ਼ਬਦਾਂ ਤੋਂ ਪਾਰ ਦੀ ਬਾਤ ਹੈ ਕਵਿਤਾ
ਕਹਿੰਦੀ ਹੈ ਬਹੁਤ ਕੁਝ ਗਹਿਰਾਈ ਵਿਚ

ਇਹ ਸਿਰਫ਼ ਕਵੀ ਦੇ ਅਨੁਭਵ
ਅਹਿਸਾਸਾਂ ਜਾਂ ਆਲੇ-ਦੁਆਲੇ ਦੀ
ਫੁੱਲਾਂ ਦੀ ਕਿਆਰੀ ਜਾਂ ਕੰਡੇ ਨਹੀਂ ਹੁੰਦੀ
ਪਾਠਕ ਦੇ ਕਲਾਵੇ ਦਾ ਨਿੱਘ ਹੁੰਦੀ ਹੈ
ਜਿਸਨੂੰ ਪਾਠਕ ਨੇ ਮਾਨਣਾ ਹੁੰਦਾ ਹੈ
ਸੋਚਣਾ, ਵਿਚਾਰਨਾ, ਸਮਝਣਾ ਹੁੰਦਾ ਹੈ

ਪਕੜਨਾ ਹੁੰਦਾ ਹੈ
ਉਸ ਵਿਚਲਾ ਅਗਿਆਤ
ਉਸਦੇ ਸਾਰਤੱਤ ਨੂੰ
ਕਰਨਾ ਹੁੰਦਾ ਹੈ ਆਤਮਸਾਤ

❋❋❋

## ਕਵੀ ਦਾ ਕਾਵਿ-ਸੰਸਾਰ

ਕਵੀ ਦਾ ਕਾਵਿ-ਸੰਸਾਰ ਫਰੋਲਣਾ
ਇਵੇਂ ਹੈ ਜਿਵੇਂ
ਮਨ ਦੇ ਬੰਦ ਦਰਵਾਜ਼ੇ ਖੋਲ੍ਹਣਾ
ਸ਼ਬਦਾਂ ਦੀ ਚੁੱਪ ਸੁਣਨਾ

ਸ਼ਬਦ ਜੋ ਵਾਕ ਬਣਦੇ
ਸ਼ਾਮਲ ਹੋ ਕੇ ਅਛੋਪਲੇ ਜਿਹੇ
ਕਵੀ ਦੇ ਅਨੁਭਵਾਂ-ਅਹਿਸਾਸਾਂ ਵਿਚ
ਸਿਰਜ ਦਿੰਦੇ
ਅਨੇਕਾਂ ਰੰਗਾਂ ਦੀਆਂ ਕ੍ਰਿਤੀਆਂ
ਬੋਲਣ ਲਾ ਦਿੰਦੇ ਹਨ ਪੂਰੀ ਕਾਇਨਾਤ

ਬਹੁਤ ਕੁਝ ਕਰ ਜਾਂਦੇ ਨੇ ਸ਼ਬਦ
ਕੁਦਰਤ ਨੂੰ ਜੋੜ ਦਿੰਦੇ ਨੇ ਦਿਲਾਂ ਨਾਲ਼
ਖੋਲ੍ਹਦੇ ਨੇ ਮਨਾਂ ਦੀਆਂ ਘੁੰਡੀਆਂ
ਅੰਦਰਲੇ ਸੰਘਰਸ਼ਾਂ ਨਾਲ਼ ਕਰਦੇ ਨੇ ਵਾਬਸਤਾ

ਕਵਿਤਾ ਨਾਲ਼ ਕਵੀ ਦਾ ਅਧੂਰਾ ਸੰਵਾਦ
ਕਰ ਦਿੰਦੇ ਨੇ ਪੂਰਾ
ਕਵੀ ਨੂੰ ਕਰ ਦਿੰਦੇ ਨੇ ਕਵਿਤਾ

ਕਾਵਿ-ਸਫ਼ਰ ਦੀ
ਸਾਹਮਣੇ ਦਿਸਦੀ ਮੰਜ਼ਿਲ ਦਾ
ਬਣ ਜਾਂਦੇ ਨੇ ਆਖ਼ਰੀ ਪੜਾਅ

❊❊❊

## ਹੋਰ ਮੈਂ ਕੀ ਕਹਾਂ

ਜਿਸ ਉਮਰ ਵਿਚ
ਕੁਝ ਕਰ ਵਿਖਾਉਣਾ ਸੀ
ਉਸ ਉਮਰ ਵਿਚ ਮੈਂ
ਨਾ ਜ਼ਿੱਦ
ਨਾ ਗ਼ੁੱਸਾ
ਨਾ ਜਜ਼ਬਾ ਪਾਲ਼ ਸਕਿਆ

ਹਰ ਵੇਲ਼ੇ
ਕਿਸੇ ਦੀ ਹੋਂਦ ਦਾ
ਹਿੱਸਾ ਬਣ ਕੇ ਤੁਰਿਆ
ਕਦੇ ਬਣਾ ਨਾ ਸਕਿਆ
ਆਪਣਾ ਰਾਹ

ਬਚਪਨ ਵਿਚ ਸਿਖਾਇਆ ਗਿਆ
ਉਸਦੀ ਰਜ਼ਾ ਵਿਚ ਰਹਿ ਕੇ
ਜ਼ਿੰਦਗੀ ਗੁਜ਼ਾਰਨਾ

ਕੀ ਤੇ ਕਿਵੇਂ ਹੋਣਾ ਹੈ —
ਕਿਤਾਬਾਂ ਵਿਚੋਂ ਪੜ੍ਹੋ
ਜਿਨ੍ਹਾਂ ਵਿਚ ਲਿਖਿਆ—
ਉਹੀ ਸਭ ਜਾਣਦਾ ਹੈ

ਸਿਖਾਇਆ ਗਿਆ
ਕਿਸੇ ਅਦਿੱਖ ਦੀ ਆਵਾਜ਼ ਰਾਹੀਂ—
ਵਿਸ਼ਵਾਸ ਰੱਖੋ
ਉਹਦੇ ਹੁਕਮ ਬਗ਼ੈਰ
ਪੱਤਾ ਨਹੀਂ ਹਿੱਲਦਾ

ਪਰ ਮੈਂ ਕਿਸਨੂੰ ਦੱਸਾਂ—
ਅੱਖਰ ਕਮਾਉਣਾ ਆਸਾਨ ਨਹੀਂ
ਕਾਗਜ਼ ’ਤੇ ਧਰ ਦੇਣਾ
ਉਹਨਾਂ ਤੋਂ ਵੀ ਔਖਾ

ਲਿਖਣ ਤੋਂ ਪਹਿਲਾਂ ਵੀ
ਅੱਖਰ ਬੋਲਦੇ ਨੇ
ਤੇ ਲਿਖਣ ਤੋਂ ਬਾਅਦ ਵੀ
ਕਹਿ ਜਾਂਦੇ ਨੇ ਬਹੁਤ ਕੁਝ

ਜੀਵਨ ਨੂੰ ਰੰਗਣ ਲਈ
ਹੁਣ ਸੋਚ ਦਾ ਬੁਰਸ਼ ਹੱਥ ਵਿਚ ਹੈ
ਸ਼ਾਇਦ ਹੁਣ ਕੁਝ ਨਵਾਂ ਰੰਗ ਉੱਘੜੇ

ਹੋਰ ਮੈਂ ਕੀ ਕਹਾਂ?

❊❊❊

## ਸਿਲਸਿਲਾ

ਸਭ ਕੁਝ ਜਾਣਦਿਆਂ ਵੀ
ਸਭ ਅੰਦੇਸ਼ਿਆਂ ਸਮੇਤ
ਤੁਰ ਪਿਆ ਉਹ ਅਣਦਿਸਦੇ ਰਾਹਾਂ ’ਤੇ

ਸਫ਼ਰ ਵਿਚ ਕਈ ਘਟਨਾਵਾਂ ਵਾਪਰੀਆਂ
ਬਹੁਤ ਕੁਝ ਚੂਰ-ਚੂਰ ਹੋਇਆ ਉਹਦੇ ਅੰਦਰ
ਪਰ ਨਵੀਂ ਸਿਰਜਣਾ ਦੀ ਲੋਚ ਵਿਚ
ਨਾ ਡੋਲਿਆ ਨਾ ਹਾਰਿਆ

ਮੁਕੰਮਲ ਸੰਤੁਸ਼ਟ ਤਾਂ ਨਾ ਹੋਇਆ
ਪਰ ਨਵੇਂ ਰਾਹਾਂ ਦੀ ਆਸ ਵਿਚ—
ਮਿਲ਼ੀ ਏਨੀ ਕੁ ਤਸੱਲੀ
ਨਵੇਂ ਰਾਹਾਂ ਦੀ ਆਸ ਵਿਚ
ਕਿ ਪੁਰਾਣਾ ਨਵੇਂ ’ਚ ਢਲਦਾ ਹੈ
ਭਵਿੱਖ ਨੂੰ ਘੋਖਣ ਲਈ
ਨਰੋਈਆਂ ਆਸਾਂ ਸਿਰਜਣ ਲਈ
ਇਹ ਸਿਲਸਿਲਾ ਸਦਾ ਤੋਂ ਚੱਲਦਾ ਹੈ

❉❉❉

## ਜਸ਼ਨ ਮਨਾਉਂਦੀ ਜ਼ਿੰਦਗੀ

ਕੁਦਰਤ ਨੇ ਹਰਾਉਣਾ ਚਾਹਿਆ
ਨਾਮੁਰਾਦ ਬਿਮਾਰੀ ਨੇ
ਉਮਰ ਭਰ ਆਜ਼ਮਾਇਆ

ਦੁਨੀਆ ਨੇ ਬਥੇਰਾ ਭਟਕਾਇਆ
ਹਾਰ ਨੇ ਚਿਹਰਾ ਦਿਖਾਇਆ
ਪਰ ਉਸਨੇ
ਜ਼ਿੱਦ ਨੂੰ ਸਾਥੀ ਬਣਾ ਕੇ
ਵਕਤ ਨਾਲ਼ ਐਸਾ ਆਢਾ ਲਗਾਇਆ
ਕਿ ਆਪਣੇ ਸੰਦ ਬਣਾਏ
ਮੁਸ਼ਕਲਾਂ ਤੋਂ ਹੱਲ ਕਢਵਾਏ
ਜਿੱਤ ਦੇ ਝੰਡੇ ਲਹਿਰਾਏ

ਸਰੀਰ ਹਾਰਿਆ
ਪਰ ਮਨ ਨਾ ਡਰਿਆ
ਦੁਨੀਆ ਨੇ ਰੋਕਿਆ
ਪਰ ਇਕ ਵੀ ਕਦਮ ਪਿੱਛੇ ਨਾ ਹਟਾਇਆ
ਭੀੜ ਦੇ ਦਰਮਿਆਨ
ਰਸਤਾ ਖ਼ੁਦ ਬਣਾਇਆ

ਠਿੱਬੀ ਨਹੀਂ ਮਾਰੀ
ਠਿੱਬੀਆਂ ਖਾ ਕੇ ਸੰਭਲ਼ਿਆ
ਹਾਰਾਂ ਦੇ ਸਬਕਾਂ ਵਿਚੋਂ
ਤਾਕਤ ਇਕੱਠੀ ਕੀਤੀ
ਅਗਲੀ ਕਤਾਰ ਵਿਚ ਮੋਰਚਾ ਸੰਭਾਲ਼ਿਆ

ਸੀਰਤ ਨੇ ਸੰਭਾਲ਼ਿਆ ਮੈਦਾਨ
ਸੂਰਤ ਨੇ ਦਿੱਤਾ ਸਾਥ
ਉਮਰ ਭਰ ਤੁਰਦਾ ਰਿਹਾ
ਕਿਸੇ ਦੀ ਪਰਵਾਹ ਨਹੀਂ ਕੀਤੀ
ਪਰ ਮਨੁੱਖਤਾ ਨੂੰ
ਕਦੇ ਠੁਕਰਾਇਆ ਨਹੀਂ

ਭਲਮਾਣਸੀ ਰੋੜਾ ਨਹੀਂ ਬਣੀ
ਚੁਫੇਰੇ ਦੀ ਚਲਾਕ ਸੋਚ ਨਾਲ਼
ਜਦ ਟਕਰਾਇਆ
ਤਾਂ ਹਿੰਮਤ ਹੋਰ ਵਧੀ

ਉਹ ਨਾ ਸਿਰਫ਼ ਖ਼ੁਦ ਖਿੜਿਆ ਫੁੱਲਾਂ ਵਾਂਗ
ਦੂਜਿਆਂ ਲਈ ਵੀ ਖ਼ੁਸ਼ਬੂ ਬਣਿਆ

ਅਣਕਿਆਸੇ ਰਾਹਾਂ ਤੇ ਤੁਰਦਾ
ਮੱਲਿਆ ਜਿਹੜਾ ਵੀ ਰਾਹ
ਕੱਟਦਾ ਗਿਆ ਔਖੇ-ਔਖੇ ਮੋੜ
ਮਨ ਵਿਚ ਭਵਿੱਖ ਦੀ ਨਵੀਂ ਰੌਸ਼ਨੀ ਰਸਾਈ

ਰਸਤੇ ਦੋਚਿੱਤੀਆਂ ਵਲ ਤੋਰਦੇ ਰਹੇ
ਮੰਜ਼ਿਲ ਮਿਲ਼ੀ ਕਿ ਨਹੀਂ
ਕਿਸੇ ਨੂੰ ਪਤਾ ਨਹੀਂ
ਪਰ ਕਦਮ ਤੁਰਦੇ ਰਹੇ
ਉਹਨਾਂ ਰਾਹਾਂ ’ਤੇ
ਜੋ ਨਹੀਂ ਸਨ ਪਸੰਦ-ਨਾਪਸੰਦ ਦੇ ਦਾਇਰੇ ਵਿਚ

ਉਸਨੇ ਹੋਰਾਂ ਦਾ ਰਾਹ ਨਾ ਅਪਣਾਇਆ
ਖ਼ੁਦ ਆਪਣਾ ਬਣਾਇਆ
ਹੋਰਾਂ ਲਈ ਸ਼ਾਇਦ ਹਾਰਿਆ ਸੀ ਉਹ
ਪਰ ਫ਼ੈਸਲੇ ਨੇ ਜਿੱਤਿਆ ਐਲਾਨਿਆ

ਉਹਨੇ ਜ਼ਿੰਦਗੀ ਨੂੰ ਬੋਝ ਨਹੀਂ
ਜਸ਼ਨ ਬਣਾਇਆ

❋❋❋

## ਪੰਛੀ ਕਿਤੇ ਨਹੀਂ ਜਾਣਗੇ

ਮੀਂਹ-ਝੱਖੜ ਕਿੰਨੀ ਵੀ ਕਰ ਲੈਣ ਮਨਮਰਜ਼ੀ
ਢਾਹ ਦੇਣ ਜਿੰਨੀ ਵਾਰ ਮਰਜ਼ੀ ਆਲ੍ਹਣੇ

ਪੰਛੀ ਹਾਰ ਨਹੀਂ ਮੰਨਣਗੇ
ਹਾਰ ਮੰਨਣੀ ਫ਼ਿਤਰਤ ਨਹੀਂ ਉਹਨਾਂ ਦੀ
ਆਪਣੀ ਹੋਂਦ ਲਈ ਲੜਦੇ ਆਏ ਨੇ ਉਹ
ਕੁਦਰਤ ਦੀ ਹਰ ਵਧੀਕੀ ਦੇ ਖ਼ਿਲਾਫ਼

ਪਰ ਇਕੱਲਾ-ਇਕੱਲਾ ਕੋਈ
ਕਿੰਨਾ ਕੁ ਚਿਰ ਲੜੇ?
ਬਿਨਾਂ ਆਲ੍ਹਣੇ ਕਿੱਥੇ ਰਹੇ?
ਕਿੰਨਾ ਕੁ ਚਿਰ ਰਹੇ?
ਆਖ਼ਰ ਸਬਰ ਕਰ ਕੇ ਉੱਡਣਾ ਹੀ ਪੈਂਦਾ ਹੈ
ਮੁੜਨਾ ਹੀ ਪੈਂਦਾ ਹੈ ਧਾਰ ਕੇ ਸਿਦਕ

ਦੁੱਖਾਂ ਤੇ ਭਟਕਣਾਂ ਦੀ ਛੰਡ ਕੇ ਧੁੰਦ
ਨਵੀਂ ਹਿੰਮਤ ਜੁਟਾਉਂਦੇ ਨੇ ਉਹ
ਨਵਾਂ ਜੀਵਨ ਸਿਰਜਦੇ ਨੇ ਉਹ
ਪਲ-ਪਲ ਸਮੇਟ ਕੇ ਜਗਾਉਂਦੇ ਨੇ ਖ਼ਾਬ
ਤਿਣਕਾ-ਤਿਣਕਾ ਜੋੜ ਕੇ
ਬਣਾਉਂਦੇ ਨੇ ਨਵੇਂ ਆਲ੍ਹਣੇ

ਇੰਜ ਨਹੀਂ ਹੁੰਦਾ ਕਿ ਟੁੱਟਣ ਦੇ ਡਰੋਂ
ਫਿਰ ਨਾ ਪਾਉਣ ਟਾਹਣਾਂ ਨਾ਼ਲ ਦੋਸਤੀ
ਫਿਰ ਨਾ ਬਣਾਉਣ ਆਲ੍ਹਣੇ

ਇਹ ਵੀ ਨਹੀਂ ਕਿ ਡਰਦਿਆਂ ਹੋਇਆਂ
ਦੇਣ ਹੀ ਨਾ ਆਂਡੇ
ਰੋਕ ਦੇਣ ਬੋਟਾਂ ਨੂੰ ਉੱਡਣੋਂ...

ਉਹ ਫਿਰ ਉਸਾਰਨਗੇ ਆਪਣੇ ਰੈਣ-ਬਸੇਰੇ
ਆਂਡੇ ਦੇਣਗੇ ਉਮੀਦਾਂ ਦੇ
ਬੋਟ ਪਾਲਣਗੇ ਮਲੂਕੜੇ ਜਿਹੇ
ਤਿਆਰ ਕਰਨਗੇ ਉਨ੍ਹਾਂ ਨੂੰ
ਲੜਨ ਲਈ ਨਾਸਾਜ਼ਗਾਰ ਕੁਦਰਤੀ ਹਾਲਾਤ ਨਾ.ਲ

ਫਿਰ ਭਰਨਗੇ ਪਰਵਾਜ਼ਾਂ
ਬੋਟਾਂ ਦੇ ਪਰਾਂ 'ਚ ਮਚਲਦੇ ਚਾਵਾਂ ਸਮੇਤ
ਫਿਰ ਮਾਪਣਗੇ ਅੰਬਰਾਂ ਦੀ ਉੱਚਾਈ

ਉਹ ਜਾਣਦੇ ਨੇ
ਕਿ ਪੁਰਾਣਿਆਂ ਦੇ ਬਿਨਸਨ 'ਤੇ ਹੀ
ਉਗਮਦੇ ਨੇ ਨਵੇਂ
ਟੁੱਟਣ-ਬਣਨ ਵਿਚ ਹੀ ਹੈ ਵਿਕਾਸ
ਪੰਛੀਆਂ ਤੇ ਆਲ੍ਹਣਿਆਂ ਦਾ ਸੰਸਾਰ
ਹੈ ਸੀ ਤੇ ਰਹੇਗਾ ਹਮੇਸ਼

ਕੁਝ ਵੀ ਹੋਵੇ
ਇੱਥੇ ਹੀ ਰਹਿਣਗੇ ਜੁਝਾਰੂ

ਪੰਛੀ ਕਿਤੇ ਨਹੀਂ ਜਾਣਗੇ

❋❋❋